ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ
SANJHI SOCH HD
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2527 | 17 July, 2026 Friday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਅਮਰੀਕੀ ਟਕਸਾਲ ਵੱਲੋਂ ਟਰੰਪ ਦੀ ਤਸਵੀਰ ਵਾਲੇ ਇੱਕ ਡਾਲਰ ਦੇ ਯਾਦਗਾਰੀ 'ਸਿੱਕੇ' ਦਾ ਉਤਪਾਦਨ ਸ਼ੁਰੂ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਟਕਸਾਲ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਸਵੀਰ ਵਾਲੇ ਇੱਕ ਡਾਲਰ ਦੇ ਨਵੇਂ ਯਾਦਗਾਰੀ ਸਿੱਕੇ ਦਾ ਉਤਪਾਦਨ ਸ਼ੁਰੂ ਕਰ ਦਿੱਤਾ ਹੈ। ਅਮਰੀਕੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਮਨਾਉਣ ਲਈ ਜਾਰੀ ਕੀਤੇ ਜਾ ਰਹੇ ਇਸ ਯਾਦਗਾਰੀ ਸਿੱਕੇ ਦੇ ਅੰਤਿਮ ਡਿਜ਼ਾਈਨ ਨੂੰ ਇਸ ਸਾਲ ਦੇ ਸ਼ੁਰੂ ਵਿਚ ਅਮਰੀਕੀ ਫਾਈਨ ਆਰਟਸ ਕਮਿਸ਼ਨ ਨੇ ਮਨਜ਼ੂਰੀ ਦੇ ਦਿੱਤੀ ਸੀ। ਅਮਰੀਕੀ ਖਜ਼ਾਨਾ ਵਿਭਾਗ ਨੇ ਇਸਦਾ ਐਲਾਨ ਕਰਦੇ ਹੋਏ ਕਿਹਾ ਕਿ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ ਰਾਸ਼ਟਰਪਤੀ ਟਰੰਪ ਦੁਆਰਾ ਕੀਤੀ ਗਈ ਸੀ। ਹਾਲਾਂਕਿ, ਜਾਰੀ ਕੀਤਾ ਗਿਆ ਅੰਤਿਮ ਸਿੱਕਾ ਕੁਝ ਮਾਮਲਿਆਂ ਵਿਚ ਪਹਿਲਾਂ ਪ੍ਰਵਾਨਿਤ ਡਿਜ਼ਾਈਨ ਤੋਂ ਵੱਖਰਾ ਹੈ। ਸਭ ਤੋਂ ਪ੍ਰਮੁੱਖ ਅੰਤਰ ਇਹ ਹੈ ਕਿ ਇਹ ਸ਼ੁੱਧ ਸੋਨੇ ਦਾ ਨਹੀਂ ਬਣਿਆ ਹੈ, ਪਰ ਇਸ ਨੂੰ ਗੋਲਡ ਫਿਨਿਸ਼ ਦਿੱਤੀ ਗਈ ਹੈ। ਅਮਰੀਕੀ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਕਿਹਾ ਕਿ ਇਹ ਸਿੱਕਾ "ਆਜ਼ਾਦੀ ਦੀ ਸਥਾਈ ਵਿਰਾਸਤ ਅਤੇ ਦੇਸ਼ ਭਗਤੀ ਦੇ ਸਥਾਈ ਪ੍ਰਤੀਕ" ਦੇ ਸਨਮਾਨ ਵਿਚ ਜਾਰੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਟਰੰਪ ਦੀ ਤਸਵੀਰ ਵਾਲਾ ਸਿੱਕਾ ਅਮਰੀਕੀ ਕਦਰਾਂ-ਕੀਮਤਾਂ ਦੀ ਤਾਕਤ ਅਤੇ ਸਾਰਿਆਂ ਲਈ ਆਜ਼ਾਦੀ ਨੂੰ ਸੁਰੱਖਿਅਤ ਰੱਖਣ ਦੇ ਰਾਸ਼ਟਰ ਦੇ ਸੰਕਲਪ ਦਾ ਪ੍ਰਤੀਕ ਹੈ। ਰਿਪਬਲਿਕਨ ਨੇਤਾ ਟਰੰਪ ਇਤਿਹਾਸਕ ਰਿਕਾਰਡ ਵਿਚ ਆਪਣਾ ਨਾਮ ਅਤੇ ਤਸਵੀਰ ਸ਼ਾਮਲ ਕਰਨ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੇ ਪਹਿਲਾਂ ਕਈ ਸੰਸਥਾਵਾਂ ਦਾ ਨਾਮ ਬਦਲਿਆ ਹੈ, ਜਿਨ੍ਹਾਂ ਵਿਚ ਯੂ.ਐੱਸ. ਇੰਸਟੀਚਿਊਟ ਆਫ਼ ਪੀਸ, ਕੈਨੇਡੀ ਸੈਂਟਰ ਪਰਫਾਰਮਿੰਗ ਆਰਟਸ ਕੰਪਲੈਕਸ ਅਤੇ ਕੁਝ ਜੰਗੀ ਜਹਾਜ਼ ਸ਼ਾਮਲ ਹਨ। ਸਿੱਕੇ 'ਤੇ ਟਰੰਪ ਦੀ ਤਸਵੀਰ ਲਗਾਉਣ ਦੇ ਫੈਸਲੇ ਦੀ ਵੀ ਆਲੋਚਨਾ ਕੀਤੀ ਗਈ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਅਮਰੀਕੀ ਸੰਘੀ ਕਾਨੂੰਨ ਇੱਕ ਜੀਵਤ ਰਾਸ਼ਟਰਪਤੀ ਦੀ ਤਸਵੀਰ ਨੂੰ ਅਮਰੀਕੀ ਮੁਦਰਾ 'ਤੇ ਦਿਖਾਈ ਦੇਣ ਤੋਂ ਵਰਜਦਾ ਹੈ। ਹਾਲਾਂਕਿ, ਖਜ਼ਾਨਾ ਸਕੱਤਰ ਕੋਲ




ਕੁਝ ਖਾਸ ਹਾਲਤਾਂ ਵਿਚ ਸਿੱਕੇ ਬਣਾਉਣ ਅਤੇ ਜਾਰੀ ਕਰਨ ਦਾ ਅਧਿਕਾਰ ਹੈ। ਸਿੱਕੇ ਦੇ ਸਾਹਮਣੇ ਟਰੰਪ ਦਾ ਇੱਕ ਗੰਭੀਰ ਚਿੱਤਰ ਹੈ, ਜੋ ਸੂਟ ਅਤੇ ਟਾਈ ਵਿਚ ਸਜਿਆ ਹੋਇਆ ਹੈ। ਉੱਪਰੀ ਹਿੱਸੇ ਵਿਚ "ਲਿਬਰਟੀ" ਅਤੇ ਹੇਠਲੇ ਹਿੱਸੇ ਵਿਚ "1776-2026" ਅੰਕਿਤ ਹੈ। ਇਸ ਦੇ ਨਾਲ ਹੀ ਅੱਧ ਵਿਚ "ਇਨ ਗੌਡ ਵੀ ਟਰੱਸਟ" ਲਿਖਿਆ ਹੋਇਆ ਹੈ। ਸਿੱਕੇ ਦੇ ਉਲਟ ਪਾਸੇ ਸੰਯੁਕਤ ਰਾਜ ਦੀ ਮਹਾਨ ਮੋਹਰ ਵਿਚ ਵਰਤੀ ਜਾਂਦੀ ਰਵਾਇਤੀ ਗੰਜੇ ਬਾਜ਼ ਦੀ ਤਸਵੀਰ ਹੈ। "ਸੰਯੁਕਤ ਰਾਜ ਅਮਰੀਕਾ" ਸਿਖਰ 'ਤੇ ਲਿਖਿਆ ਹੋਇਆ ਹੈ, ਅਤੇ ਬਾਜ਼ ਦੀ ਢਾਲ 'ਤੇ ਲਾਤੀਨੀ ਵਾਕੰਸ਼ "ਈ ਪਲੂਰੀਬਸ ਉਨਮ" ਹੈ, ਜਿਸਦਾ ਅਰਥ ਹੈ "ਬਹੁਤ ਸਾਰੇ ਲੋਕਾਂ ਵਿਚੋਂ।" ਪਹਿਲੇ ਪ੍ਰਵਾਨਿਤ ਡਰਾਫਟ ਤੋਂ ਅੰਤਿਮ ਡਿਜ਼ਾਈਨ ਵਿਚ ਇੱਕ ਹੋਰ ਤਬਦੀਲੀ ਇਹ ਹੈ ਕਿ ਇਹ ਹੁਣ ਟਰੰਪ ਨੂੰ ਮੇਜ਼ 'ਤੇ ਮੁੱਠੀਆਂ ਰੱਖ ਕੇ ਅੱਗੇ ਝੁਕਦੇ ਹੋਏ ਨਹੀਂ ਦਿਖਾਉਂਦਾ। ਖਜ਼ਾਨਾ ਵਿਭਾਗ ਨੇ ਇਸ ਬਦਲਾਅ ਦਾ ਕੋਈ ਕਾਰਨ ਨਹੀਂ ਦੱਸਿਆ। ਖਜ਼ਾਨਾ ਵਿਭਾਗ ਨੇ ਮਾਰਚ ਵਿਚ ਐਲਾਨ ਕੀਤਾ ਸੀ ਕਿ ਸਾਰੇ ਨਵੇਂ ਅਮਰੀਕੀ ਕਾਗਜ਼ੀ ਮੁਦਰਾ 'ਤੇ ਟਰੰਪ ਦੇ ਦਸਤਖਤ ਹੋਣਗੇ। ਰਵਾਇਤੀ ਤੌਰ 'ਤੇ, ਅਮਰੀਕੀ ਕਾਗਜ਼ੀ ਮੁਦਰਾ 'ਤੇ ਰਾਸ਼ਟਰਪਤੀ ਦੀ ਬਜਾਏ ਖਜ਼ਾਨਾ ਸਕੱਤਰ ਅਤੇ ਖਜ਼ਾਨਾ ਸਕੱਤਰ ਦੇ ਦਸਤਖਤ ਹੁੰਦੇ ਹਨ।

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

# ਪੁਰੀ 'ਚ ਵਿਸ਼ਵ ਪ੍ਰਸਿੱਧ ਜਗਨਨਾਥ ਰੱਥ ਯਾਤਰਾ ਦੌਰਾਨ ਮਚੀ ਭਗਦੜ, 1 ਸ਼ਰਧਾਲੂ ਦੀ ਮੌਤ: 100 ਤੋਂ ਵੱਧ ਜ਼ਖ਼ਮੀ

**ਪੁਰੀ ਸਾਂਝੀ ਸੋਚ ਬਿਊਰੋ**

ਉੜੀਸਾ ਦੇ ਪੁਰੀ ਵਿਚ ਵਿਸ਼ਵ ਪ੍ਰਸਿੱਧ ਜਗਨਨਾਥ ਰੱਥ ਯਾਤਰਾ ਦੌਰਾਨ ਭਗਦੜ ਮਚ ਗਈ, ਜਿਸ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਇਸ ਹਾਦਸੇ ਵਿਚ 100 ਤੋਂ ਵੱਧ ਸ਼ਰਧਾਲੂਆਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਹ ਘਟਨਾ ਅੱਜ ਸ਼ਾਮ 5 ਵਜੇ ਦੇ ਕਰੀਬ ਉਸ ਵੇਲੇ ਵਾਪਰੀ, ਜਦੋਂ ਭਗਵਾਨ ਜਗਨਨਾਥ ਦੇ ਦਰਸ਼ਨਾਂ ਲਈ ਲੋਕਾਂ ਦੀ ਭੀੜ ਅਚਾਨਕ ਰੱਥਾਂ ਦੇ ਨੇੜੇ ਜਾਣ ਦੀ ਕੋਸ਼ਿਸ਼ ਕਰਨ ਲੱਗੀ। ਇਸ ਦੌਰਾਨ ਸੇਵਾਦਾਰ ਨੇ ਲੋਕਾਂ ਨੂੰ ਪਿੱਛੇ ਹਟਾਇਆ ਤੇ ਲੋਕਾਂ ਦੇ ਇੱਕ-ਦੂਜੇ ਨੂੰ ਧੱਕਾ ਦੇਣ ਨਾਲ ਭਗਦੜ ਮਚ ਗਈ ਅਤੇ ਲੋਕ ਇੱਕ-ਦੂਜੇ ਦੇ ਉੱਪਰ ਡਿੱਗਣ ਲੱਗੇ। ਇਹ ਸਭ ਉਸ ਵੇਲੇ ਹੋਇਆ, ਜਦੋਂ ਤੇਜ਼ ਮੀਂਹ ਪੈ ਰਿਹਾ ਸੀ। ਇਸ ਦੇ ਬਾਵਜੂਦ ਰੱਥ ਯਾਤਰਾ ਦੇ ਰਸਤੇ 'ਤੇ ਕਈ ਲੱਖਾਂ ਸ਼ਰਧਾਲੂ ਮੌਜੂਦ ਹਨ। ਇਹ ਯਾਤਰਾ ਮੁੱਖ ਮੰਦਰ ਤੋਂ 3 ਕਿਲੋਮੀਟਰ ਦੂਰ ਬਣੇ ਗੁੰਡੀਚਾ ਮੰਦਰ ਤੱਕ ਜਾਵੇਗੀ। ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਪੁਰੀ ਦੀ ਇਸ ਇਤਿਹਾਸਕ ਯਾਤਰਾ ਵਿਚ ਭਗਦੜ ਮਚੀ ਹੋਵੇ, ਇਸ ਤੋਂ ਪਹਿਲਾਂ ਵੀ ਦੋ ਵਾਰ ਅਜਿਹੇ ਹਾਦਸੇ ਸਾਹਮਣੇ ਆ ਚੁੱਕੇ ਹਨ। ਸਾਲ 2015 ਵਿਚ 18 ਜੁਲਾਈ ਨੂੰ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਪੁਰੀ ਪਹੁੰਚੇ ਹੋਏ ਸਨ। ਭਗਵਾਨ ਬਲਭੱਦਰ ਦਾ ਰੱਥ ਖਿੱਚਣ ਦੌਰਾਨ ਗ੍ਰੈਂਡ ਰੋਡ ਦੇ ਮਾਰੀਚੀਕੋਟ ਚੌਕ ਨੇੜੇ ਅਚਾਨਕ ਭੀੜ ਬੇਕਾਬੂ ਹੋ ਗਈ ਅਤੇ ਇੱਕ-ਦੂਜੇ ਉੱਪਰ ਡਿੱਗਣ ਕਾਰਨ ਦਮ ਘੁੱਟਣ ਨਾਲ ਦੋ ਔਰਤਾਂ ਦੀ ਮੌਤ ਹੋ ਗਈ ਸੀ, ਜਦਕਿ 6 ਲੋਕ ਗੰਭੀਰ ਜ਼ਖ਼ਮੀ ਹੋਏ ਸਨ।

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS



**Jaswant S.Pannu**
Office: 209-900-1994
Cell: 408-340-0157
jaswantpannu@yahoo.com



**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੋਸਰੀ ਦੀ।

**ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ**

**ਇੱਕ ਵਾਰ Visit ਜ਼ਰੂਰ ਕਰੋ।**

Ria MONEY TRANSFER

**INDIA ਪੈਸੇ ਭੇਜਣ ਲਈ**

RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ





**Contact Number**

**+1 (209) 537-5702**

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road, Suite H2-167 Modesto, CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਨਿਆਂ ਸੁਧਾਰ ਜਾਂ ਨਿਆਂ ਪ੍ਰਣਾਲੀ ਦਾ ਪੁਨਰਗਠਨ?

## (ਲੀਗਲ ਡਿਫੈਂਸ ਕੌਂਸਲ,ਕਾਰਜ ਯੋਜਨਾ ਅਤੇ ਗ੍ਰਾਮ ਨਿਆਂਲਿਆ 'ਤੇ ਇੱਕ ਸੰਵਿਧਾਨਕ ਚਰਚਾ

ਡਾ.ਸੰਦੀਪ ਘੰਡ
ਮਾਨਸਾ
9815139576



ਭਾਰਤ ਦਾ ਸੰਵਿਧਾਨ ਕੇਵਲ ਇੱਕ ਕਾਨੂੰਨੀ ਦਸਤਾਵੇਜ਼ ਨਹੀਂ, ਸਗੋਂ ਸਮਾਜਿਕ ਨਿਆਂ, ਸਮਾਨਤਾ ਅਤੇ ਮਨੁੱਖੀ ਮਰਿਆਦਾ ਦਾ ਜੀਵੰਤ ਘੋਸ਼ਣਾ-ਪੱਤਰ ਹੈ। ਸੰਵਿਧਾਨ ਨਿਰਮਾਤਾਵਾਂ ਨੇ ਇਹ ਭਲੀ-ਭਾਂਤੀ ਸਮਝ ਲਿਆ ਸੀ ਕਿ ਜੇ ਨਿਆਂ ਸਿਰਫ਼ ਉਹਨਾਂ ਲੋਕਾਂ ਤੱਕ ਸੀਮਿਤ ਰਹਿ ਜਾਵੇ ਜੋ ਮਹਿੰਗੇ ਵਕੀਲ ਕਰ ਸਕਦੇ ਹਨ, ਤਾਂ ਲੋਕਤੰਤਰ ਦਾ ਅਸਲ ਉਦੇਸ਼ ਅਧੂਰਾ ਰਹਿ ਜਾਵੇਗਾ।ਭਾਰਤ ਦਾ ਸੰਵਿਧਾਨ ਸਿਰਫ਼ ਨਾਗਰਿਕਾਂ ਨੂੰ ਅਧਿਕਾਰ ਹੀ ਨਹੀਂ ਦਿੰਦਾ, ਸਗੋਂ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਹਰ ਵਿਅਕਤੀ ਨੂੰ ਨਿਆਂ ਪ੍ਰਾਪਤ ਕਰਨ ਦਾ ਬਰਾਬਰ ਮੌਕਾ ਮਿਲੇ। ਇਹੀ ਕਾਰਨ ਹੈ ਕਿ ਸੰਵਿਧਾਨ ਦੇ ਅਨੁਛੇਦ 39-ਏ ਵਿੱਚ ਰਾਜ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ ਕਿ ਆਰਥਿਕ ਜਾਂ ਸਮਾਜਿਕ ਤੌਰ 'ਤੇ ਕਮਜ਼ੋਰ ਵਿਅਕਤੀ ਵੀ ਨਿਆਂ ਤੋਂ ਵਾਂਝਾ ਨਾ ਰਹੇ ਅਤੇ ਉਸ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਹੋਵੇ।

ਇਸ ਦੇ ਨਾਲ-ਨਾਲ ਅਨੁਛੇਦ 14 (ਕਾਨੂੰਨ ਅੱਗੇ ਸਮਾਨਤਾ) ਅਤੇ ਅਨੁਛੇਦ 21 (ਜੀਵਨ ਅਤੇ ਵਿਅਕਤੀਗਤ ਆਜ਼ਾਦੀ ਦਾ ਅਧਿਕਾਰ) ਵੀ ਨਿਰਪੱਖ ਅਤੇ ਨਿਆਂਪੂਰਨ ਸੁਣਵਾਈ ਦੀ ਗਾਰੰਟੀ ਦਿੰਦੇ ਹਨ। ਇਨ੍ਹਾਂ ਸੰਵਿਧਾਨਕ ਉਦੇਸ਼ਾਂ ਨੂੰ ਅਮਲੀ ਰੂਪ ਦੇਣ ਲਈ ਸੰਸਦ ਨੇ ਮੁੱਫਤ ਕਾਨੂੰਨੀ ਸੇਵਾਵਾਂ ਅਥਾਰਟੀ ਐਕਟ 1987 ਬਣਾਇਆ, ਜਿਸ ਦੇ ਤਹਿਤ ਕੇਂਦਰੀ,ਰਾਜ ਅਤੇ ਜਿਲ੍ਹਾ ਪੱਧਰ ਤੇ ਮੁੱਫਤ ਕਾਨੂੰਨੀ ਸੇਵਾਵਾਂ ਦੀ ਵਿਵਸਥਾ ਕੀਤੀ ਗਈ।

ਅੱਜ ਜਦੋਂ ਦੇਸ਼ ਵਿੱਚ ਲੀਗਲ ਏਡ ਡਿਫੈਂਸ ਕੌਂਸਲ ਕਾਰਜ ਯੋਜਨਾ ਡਿਸਪੋਜਲ ਕੇਸ ਅਤੇ ਪੈਂਡੂ ਨਿਆਂਲਿਆ ਵਰਗੀਆਂ ਨੀਤੀਆਂ 'ਤੇ ਗੰਭੀਰ ਚਰਚਾ ਚੱਲ ਰਹੀ ਹੈ, ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਇਸ ਬਹਿਸ ਨੂੰ ਭਾਵਨਾਵਾਂ ਦੀ ਥਾਂ ਸੰਵਿਧਾਨਕ ਸਿਧਾਂਤਾਂ ਦੀ ਕਸੌਟੀ 'ਤੇ ਪਰਖੀਏ।ਪੰਜਾਬ ਦੀਆਂ ਬਾਰ ਐਸੋਸੀਏਸ਼ਨਾਂ ਵਿੱਚ, ਇੱਕ ਗੰਭੀਰ ਚਰਚਾ ਛਿੜੀ ਹੋਈ ਹੈ। ਸੀਨੀਅਰ ਐਡਵੋਕੇਟ ਸੁਵੀਰ ਸਿੱਧੂ ਮੈਂਬਰ ਬਾਰ ਕੌਂਸਲ ਵੱਲੋਂ ਜਾਰੀ ਖੁੱਲ੍ਹੇ ਪੱਤਰ ਨੇ ਇਸ ਬਹਿਸ ਨੂੰ ਹੋਰ ਤੇਜ਼ ਕਰ ਦਿੱਤਾ ਹੈ।

ਕੀ ਹੈ ਲੀਗਲ ਏਡ ਡਿਫੈਂਸ ਕੌਂਸਲ?

ਲੀਗਲ ਏਡ ਡਿਫੈਂਸ ਕੌਂਸਲ ਦਾ ਮੂਲ ਉਦੇਸ਼ ਇਹ ਹੈ ਕਿ ਹਰ ਦੋਸ਼ੀ ਨੂੰ ਆਪਣੀ ਗੱਲ ਕਹਿਣ ਹਿੱਤ ਸਮਰਪਿਤ ਅਤੇ ਤਜਰਬੇਕਾਰ ਡਿਫੈਂਸ ਕਾਊਂਸਲ ਮਿਲ ਸਕਣ। ਇਸ ਦਾ ਉਦੇਸ਼ ਮੁਫ਼ਤ ਕਾਨੂੰਨੀ ਸਹਾਇਤਾ ਦੀ ਗੁਣਵੱਤਾ ਅਤੇ ਜਵਾਬਦੇਹੀ ਵਧਾਉਣਾ ਹੈ। ਸੰਵਿਧਾਨਕ ਨਜ਼ਰੀਏ ਤੋਂ ਇਹ ਭਾਰਤੀ ਸੰਵਿਧਾਨ ਦੇ ਅੁਨਛੇਦ 39ਏ ਦੀ ਭਾਵਨਾ ਨਾਲ ਮੇਲ ਖਾਂਦਾ ਹੈ। ਪਰ ਇਸ ਦੇ ਸਬੰਧ ਵਿੱਚ ਬਾਰ ਐਸੋਸੀਏਸ਼ਨਾਂ ਦੀ ਚਿੰਤਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤੀ ਜਾ ਸਕਦੀ।

ਇਹ ਸਵਾਲ ਵਿਚਾਰਯੋਗ ਹੈ ਕਿ ਕੀ ਇਸ ਨਾਲ ਕਾਨੂੰਨੀ ਸਹਾਇਤਾ ਦੀ ਗੁਣਵੱਤਾ ਵਧਾਉਣ ਦੇ ਨਾਲ-ਨਾਲ ਸੁਤੰਤਰ ਵਕਾਲਤ ਦੀ ਮਜ਼ਬੂਤੀ ਵੀ ਬਰਕਰਾਰ ਰੱਖੀ ਜਾ ਸਕਦੀ ਹੈ? ਜਿਸ ਦੇ ਸਬੰਧ ਵਿੱਚ ਬਾਰ ਐਸੋਸੀਏਸ਼ਨਾ ਵੱਲੋਂ ਪ੍ਰਗਟਾਈ ਜਾ ਰਹੀ ਚਿੰਤਾ ਵਾਜਿਬ ਲੱਗਦੀ।ਜੇਕਰ ਵੱਖ ਵੱਖ ਅਦਲਾਤਾਂ ਵਿੱਚ ਚਲ ਰਹੇ 700 ਦੇ ਕਰੀਬ ਕੇਸ 4-5 ਲੀਗਲ ਡਿਫੈਂਸ ਕੌਂਸਲ ਨੂੰ ਦਿੱਤੇ ਜਾਣਗੇ ਤਾਂ ਇਸ ਨਾਲ ਨਾਕੇਵਲ ਕੰਮ ਦਾ ਬੋਝ ਵਧੇਗਾ ਬਲਕਿ ਕੰਮ ਦੀ ਗੁਣਵੱਤਾ ਤੇ ਵੀ ਪ੍ਰਭਾਵ ਪਵੇਗਾ।

ਕਾਰਜ-ਯੋਜਨਾ ਅਤੇ ਕੇਸਾਂ ਦੇ ਫੈਸਲੇ ਦਾ ਟੀਚਾ

ਦੇਸ਼ ਦੀਆਂ ਅਦਾਲਤਾਂ ਵਿੱਚ ਲੰਬਿਤ ਕੇਸਾਂ ਦੀ ਵੱਡੀ ਗਿਣਤੀ ਇੱਕ ਹਕੀਕਤ ਹੈ। ਇਸ ਨੂੰ ਘਟਾਉਣ ਲਈ ਕਾਰਗੁਜ਼ਾਰੀ ਦੀ ਨਿਗਰਾਨੀ ਅਤੇ ਕੇਸਾਂ ਦੇ ਤੇਜ਼ ਨਿਪਟਾਰੇ ਦੀ ਪ੍ਰਣਾਲੀ ਲਿਆਂਦੀ ਗਈ ਹੈ।

ਪਰ ਇੱਕ ਹੋਰ ਸਵਾਲ ਵੀ ਉੱਠਦਾ ਹੈ

ਕੀ ਨਿਆਂ ਦੀ ਗੁਣਵੱਤਾ ਨੂੰ ਕੇਸਾਂ ਦੀ ਗਿਣਤੀ ਨਾਲ ਮਾਪਿਆ ਜਾ ਸਕਦਾ ਹੈ?

ਜੇ ਜੱਜਾਂ ਅਤੇ ਵਕੀਲਾਂ ਉੱਤੇ ਸਿਰਫ਼ ਨਿਪਟਾਰੇ ਦਾ ਦਬਾਅ ਹੋਵੇ, ਤਾਂ ਕਿਤੇ ਐਸਾ ਨਾ ਹੋਵੇ ਕਿ ਗਵਾਹਾਂ ਦੀ ਜਿਰਹ, ਕਾਨੂੰਨੀ ਦਲੀਲਾਂ ਅਤੇ ਨਿਰਪੱਖ ਸੁਣਵਾਈ ਪ੍ਰਭਾਵਿਤ ਹੋਣ। ਨਿਆਂ ਦੀ ਗਤੀ ਜ਼ਰੂਰੀ ਹੈ, ਪਰ ਨਿਆਂ ਦੀ ਗੁਣਵੱਤਾ ਉਸ ਤੋਂ ਵੀ ਵੱਧ ਮਹੱਤਵਪੂਰਨ ਹੈ।

ਗ੍ਰਾਮ ਨਿਆਂਲਿਆਂ ਦੀ ਧਾਰਨਾ

Gram Nyayalayas Act,2008 ਦਾ ਮਕਸਦ ਪਿੰਡਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਨੇੜੇ ਤੇਜ਼ ਅਤੇ ਸਸਤਾ ਨਿਆਂ ਪ੍ਰਦਾਨ ਕਰਨਾ ਸੀ।ਇਹ ਵਿਚਾਰ ਆਪਣੇ ਆਪ ਵਿੱਚ ਲੋਕ-ਹਿਤਕਾਰੀ ਹੈ।

ਪਰ ਅਮਲ ਵਿੱਚ ਕਈ ਰਾਜਾਂ ਵਿੱਚ ਗ੍ਰਾਮ ਨਿਆਂਲਿਆਂ ਨੂੰ ਉਹ ਸਫ਼ਲਤਾ ਨਹੀਂ ਮਿਲੀ ਜਿਸ ਦੀ ਉਮੀਦ ਕੀਤੀ ਗਈ ਸੀ। ਇਸ ਲਈ ਇਹ ਜਾਇਜ਼ ਸਵਾਲ ਹੈ ਕਿ ਕੀ ਪਹਿਲਾਂ ਮੌਜੂਦਾ ਜ਼ਿਲ੍ਹਾ ਅਦਾਲਤਾਂ ਨੂੰ ਹੋਰ ਮਜ਼ਬੂਤ ਬਣਾਇਆ ਜਾਵੇ ਜਾਂ ਨਵੀਆਂ ਸਮਾਨਾਂਤਰ ਸੰਸਥਾਵਾਂ ਦਾ ਵਿਸਥਾਰ ਕੀਤਾ ਜਾਵੇ?

ਸੁਤੰਤਰ ਬਾਰ-ਲੋਕਤੰਤਰ ਦੀ ਤਾਕਤ

ਇੱਕ ਸੁਤੰਤਰ ਨਿਆਂਪਾਲਿਕਾ ਤਦੋਂ ਹੀ ਪ੍ਰਭਾਵਸ਼ਾਲੀ ਹੋ ਸਕਦੀ ਹੈ ਜਦੋਂ ਵਕਾਲਤ ਵੀ ਸੁਤੰਤਰ, ਆਰਥਿਕ ਤੌਰ 'ਤੇ ਸਮਰੱਥ ਅਤੇ ਪੇਸ਼ੇਵਰ ਤੌਰ 'ਤੇ ਮਜ਼ਬੂਤ ਹੋਵੇ।ਵਕੀਲ ਕੇਵਲ ਆਪਣੇ ਮੁਅੱਕਲ ਦੇ ਪ੍ਰਤੀਨਿਧੀ ਨਹੀਂ ਹੁੰਦੇ, ਸਗੋਂ ਉਹ ਨਿਆਂ ਪ੍ਰਣਾਲੀ ਦੇ ਅਹਿਮ ਸਤੰਭ ਹਨ। ਇਸ ਲਈ ਅਜਿਹੇ ਕਿਸੇ ਵੀ ਸੁਧਾਰ, ਜੋ ਸਿੱਧੇ ਤੌਰ 'ਤੇ ਵਕਾਲਤ ਦੇ ਢਾਂਚੇ ਨੂੰ ਪ੍ਰਭਾਵਿਤ ਕਰਦਾ ਹੋਵੇ, ਨੂੰ ਲਾਗੂ ਕਰਨ ਤੋਂ ਪਹਿਲਾਂ ਬਾਰ ਕੌਂਸਲਾਂ, ਬਾਰ ਐਸੋਸੀਏਸ਼ਨਾਂ, ਨਿਆਂਪਾਲਿਕਾ ਅਤੇ ਸਰਕਾਰ ਵਿਚਕਾਰ ਵਿਆਪਕ ਵਿਚਾਰ-ਵਟਾਂਦਰਾ ਹੋਣਾ ਚਾਹੀਦਾ ਹੈ।

ਬਹਿਸ ਦਾ ਅਸਲ ਕੇਂਦਰ

ਮੌਜੂਦਾ ਚਰਚਾ ਦਾ ਕੇਂਦਰ ਇਹ ਨਹੀਂ ਕਿ ਗਰੀਬਾਂ ਨੂੰ ਕਾਨੂੰਨੀ ਸਹਾਇਤਾ ਮਿਲਣੀ ਚਾਹੀਦੀ ਹੈ ਜਾਂ ਨਹੀਂ। ਇਸ ਬਾਰੇ ਕੋਈ ਦੋ ਰਾਇ ਨਹੀਂ ਹੋ ਸਕਦੀਆਂ। ਅਸਲ ਸਵਾਲ ਇਹ ਹੈ ਕਿ ਕਾਨੂੰਨੀ ਸਹਾਇਤਾ ਦੇਣ ਦਾ ਸਭ ਤੋਂ ਪ੍ਰਭਾਵਸ਼ਾਲੀ ਅਤੇ ਸੰਵਿਧਾਨਕ ਤੌਰ 'ਤੇ ਸੰਤੁਲਿਤ ਮਾਡਲ ਕਿਹੜਾ ਹੋਵੇ? ਕੀ ਸੁਧਾਰਾਂ ਨਾਲ ਨਿਆਂ ਤੱਕ ਪਹੁੰਚ ਹੋਰ ਮਜ਼ਬੂਤ ਹੋ ਰਹੀ ਹੈ, ਜਾਂ ਕਿਤੇ ਅਣਜਾਣੇ ਵਿੱਚ ਵਕਾਲਤ ਦੀ ਸੁਤੰਤਰਤਾ ਅਤੇ ਨਿਆਂ ਪ੍ਰਣਾਲੀ ਦੇ ਸੰਤੁਲਨ 'ਤੇ ਪ੍ਰਭਾਵ ਤਾਂ ਨਹੀਂ ਪੈ ਰਿਹਾ?

ਇਹ ਉਹ ਪ੍ਰਸ਼ਨ ਹਨ ਜਿਨ੍ਹਾਂ ਦੇ ਜਵਾਬ ਭਾਵਨਾਵਾਂ ਨਾਲ ਨਹੀਂ, ਸਗੋਂ ਕਾਨੂੰਨ, ਸੰਵਿਧਾਨ, ਅਦਾਲਤੀ ਫ਼ੈਸਲਿਆਂ ਅਤੇ ਵਿਹਾਰਕ ਅਨੁਭਵ ਦੇ ਆਧਾਰ 'ਤੇ ਲੱਭਣੇ ਪੈਣਗੇ।ਭਾਰਤ ਨੂੰ ਨਿਆਂ ਪ੍ਰਣਾਲੀ ਵਿੱਚ ਸੁਧਾਰਾਂ ਦੀ ਲੋੜ ਹੈ, ਪਰ ਹਰ ਸੁਧਾਰ ਦਾ ਮਾਪਦੰਡ ਇੱਕ ਹੀ ਹੋਣਾ ਚਾਹੀਦਾ ਹੈ।

ਆਖ਼ਿਰਕਾਰ, ਨਿਆਂ ਦੀ ਅਸਲ ਤਾਕਤ ਕੇਵਲ ਕਾਨੂੰਨਾਂ ਵਿੱਚ ਨਹੀਂ, ਸਗੋਂ ਉਨ੍ਹਾਂ ਸੰਸਥਾਵਾਂ ਦੀ ਸੁਤੰਤਰਤਾ ਅਤੇ ਲੋਕਾਂ ਦੇ ਭਰੋਸੇ ਵਿੱਚ ਵੱਸਦੀ ਹੈ ਜੋ ਉਨ੍ਹਾਂ ਕਾਨੂੰਨਾਂ ਨੂੰ ਜੀਵੰਤ ਬਣਾਉਂਦੀਆਂ ਹਨ।ਲੀਗਲ ਏਡ ਡਿਫੈਂਸ ਕੌਂਸਲ ਦੇ ਸਮਰਥਕ ਕਹਿੰਦੇ ਹਨ ਕਿ ਪੁਰਾਣੀ ਪ੍ਰਣਾਲੀ ਵਿੱਚ ਹਰ ਵਕੀਲ ਦੀ ਗੁਣਵੱਤਾ ਇੱਕੋ ਜਿਹੀ ਨਹੀਂ ਹੁੰਦੀ ਸੀ। ਕਈ ਵਾਰ ਲੀਗਲ ਏਡ ਦੇ ਕੇਸਾਂ ਨੂੰ ਘੱਟ ਤਰਜੀਹ ਮਿਲਦੀ ਸੀ ਕਿਉਂਕਿ ਵਕੀਲ ਨਿੱਜੀ ਕੇਸਾਂ ਵਿੱਚ ਵੀ ਵਿਅਸਤ ਹੁੰਦੇ ਸਨ।

ਉਨ੍ਹਾਂ ਦੇ ਅਨੁਸਾਰ ਪੂਰਨ-ਕਾਲਿਕ ਡਿਫੈਂਸ ਕਾਊਂਸਲ ਪ੍ਰਣਾਲੀ ਨਾਲ

- ਲੋੜਵੰਦ ਵਿਅਕਤੀ ਨੂੰ ਤੁਰੰਤ ਵਕੀਲ ਮਿਲਦਾ ਹੈ।
- ਕੇਸਾਂ ਦੀ ਨਿਰੰਤਰ ਨਿਗਰਾਨੀ ਸੰਭਵ ਹੁੰਦੀ ਹੈ।
- ਵਿਸ਼ੇਸ਼ ਤਾਲੀਮ ਪ੍ਰਾਪਤ ਵਕੀਲਾਂ ਰਾਹੀਂ ਬਿਹਤਰ ਬਚਾਅ ਯਕੀਨੀ ਬਣਾਇਆ ਜਾ ਸਕਦਾ ਹੈ।
- ਲੀਗਲ ਏਡ ਸੇਵਾਵਾਂ ਦੀ ਗੁਣਵੱਤਾ ਦਾ ਮੂਲਾਂਕਣ ਕਰਨਾ ਆਸਾਨ ਹੁੰਦਾ ਹੈ।

ਇਹ ਤਰਕ ਨੀਤੀ ਦੇ ਪ੍ਰਸ਼ਾਸਨਿਕ ਪੱਖ ਨੂੰ ਮਜ਼ਬੂਤ ਕਰਦੇ ਹਨ।

ਬਾਰ ਐਸੋਸੀਏਸ਼ਨਾਂ ਦੀਆਂ ਚਿੰਤਾਵਾਂ

ਦੂਜੇ ਪਾਸੇ, ਬਾਰ ਐਸੋਸੀਏਸ਼ਨਾਂ ਦਾ ਕਹਿਣਾ ਹੈ ਕਿ ਸੁਧਾਰ ਦਾ ਅਰਥ ਇਹ ਨਹੀਂ ਹੋਣਾ ਚਾਹੀਦਾ ਕਿ ਪੂਰੀ ਪ੍ਰਣਾਲੀ ਕੁਝ ਨਿਯੁਕਤ ਵਕੀਲਾਂ ਤੱਕ ਸੀਮਿਤ ਹੋ ਜਾਵੇ।

ਉਨ੍ਹਾਂ ਦੀਆਂ ਮੁੱਖ ਚਿੰਤਾਵਾਂ ਇਹ ਹਨ

ਪਹਿਲੀ, ਜੇ ਲੀਗਲ ਏਡ ਦਾ ਵੱਡਾ ਹਿੱਸਾ ਕੁਝ ਪੂਰਨ-ਕਾਲਿਕ ਵਕੀਲਾਂ ਨੂੰ ਹੀ ਦਿੱਤਾ ਜਾਵੇਗਾ, ਤਾਂ ਨਵੇਂ ਅਤੇ ਜੂਨੀਅਰ ਵਕੀਲਾਂ ਲਈ ਅਦਾਲਤੀ ਤਜਰਬੇ ਦੇ ਮੌਕੇ ਘਟ ਸਕਦੇ ਹਨ।

ਦੂਜੀ, ਜ਼ਿਲ੍ਹਾ ਬਾਰਾਂ ਦੀ ਆਰਥਿਕ ਮਜ਼ਬੂਤੀ ਪ੍ਰਭਾਵਿਤ ਹੋ ਸਕਦੀ ਹੈ। ਛੋਟੇ ਸ਼ਹਿਰਾਂ ਵਿੱਚ ਕਈ ਨੌਜਵਾਨ ਵਕੀਲਾਂ ਲਈ ਲੀਗਲ ਏਡ ਦੇ ਕੇਸ ਹੀ ਪੇਸ਼ੇ ਦੀ ਸ਼ੁਰੂਆਤ ਦਾ ਆਧਾਰ ਬਣਦੇ ਹਨ।

ਤੀਜੀ, ਅਪਰਾਧਿਕ ਬਚਾਅ ਪ੍ਰਣਾਲੀ ਦੀ ਸੁਤੰਤਰਤਾ ਬਾਰੇ ਇੱਕ ਧਾਰਣਾ (ਫਏਰਚਏਪਟਿਨ) ਦਾ ਸਵਾਲ ਵੀ ਉੱਠਦਾ ਹੈ। ਭਾਵੇਂ ਲੀਗਲ ਡਿਫੈਂਸ ਕੌਂਸਲ ਦਾ ਪ੍ਰਬੰਧ ਪੁਲਿਸ ਨਹੀਂ ਕਰਦੀ, ਫਿਰ ਵੀ ਕੁਝ ਵਕੀਲਾਂ ਦਾ ਮੰਨਣਾ ਹੈ ਕਿ ਡਿਫੈਂਸ ਸਿਸਟਮ ਦੀ ਸੰਸਥਾਗਤ ਬਣਤਰ ਅਜਿਹੀ ਹੋਣੀ ਚਾਹੀਦੀ ਹੈ ਜਿਸ ਨਾਲ ਉਸ ਦੀ ਪੂਰੀ ਸੁਤੰਤਰਤਾ 'ਤੇ ਕੋਈ ਸ਼ੱਕ ਨਾ ਰਹੇ।

ਕੀ ਵਿਚਕਾਰਲਾ ਰਾਹ ਸੰਭਵ ਹੈ?

ਵਕੀਲ ਸਿਰਫ਼ ਆਪਣੇ ਮੁਅੱਕਲ ਦੀ ਨੁਮਾਇੰਦਗੀ ਨਹੀਂ ਕਰਦੇ, ਸਗੋਂ ਅਦਾਲਤ ਦੇ ਅਧਿਕਾਰੀ ਵਜੋਂ ਨਿਆਂ ਦੀ ਪ੍ਰਕਿਰਿਆ ਦਾ ਅਹਿਮ ਹਿੱਸਾ ਹੁੰਦੇ ਹਨ। ਜੇ ਜ਼ਿਲ੍ਹਾ ਪੱਧਰ ਦੀ ਵਕਾਲਤ ਕਮਜ਼ੋਰ ਹੁੰਦੀ ਹੈ ਤਾਂ ਲੰਬੇ ਸਮੇਂ ਵਿੱਚ ਇਸ ਦਾ ਪ੍ਰਭਾਵ ਨਿਆਂ ਦੀ ਗੁਣਵੱਤਾ 'ਤੇ ਵੀ ਪੈ ਸਕਦਾ ਹੈ।ਇਸੇ ਲਈ ਕਿਸੇ ਵੀ ਸੁਧਾਰ ਵਿੱਚ ਬਾਰ ਦੀ ਭਾਗੀਦਾਰੀ ਸਿਰਫ਼ ਰਸਮੀ ਨਹੀਂ, ਸਗੋਂ ਅਰਥਪੂਰਨ ਹੋਣੀ ਚਾਹੀਦੀ ਹੈ।

ਇਹ ਵੀ ਉਨਾ ਹੀ ਸੱਚ ਹੈ ਕਿ ਨਿਆਂ ਪ੍ਰਣਾਲੀ ਸਿਰਫ਼ ਵਕੀਲਾਂ ਦੇ ਹਿੱਤਾਂ ਲਈ ਨਹੀਂ ਚੱਲ ਸਕਦੀ। ਇਸ ਦਾ ਪਹਿਲਾ ਫਰਜ਼ ਆਮ ਨਾਗਰਿਕ ਪ੍ਰਤੀ ਹੈ।

ਇਸ ਲਈ ਬਾਰ ਐਸੋਸੀਏਸ਼ਨਾਂ ਦੀਆਂ ਚਿੰਤਾਵਾਂ ਨਿਆਂ ਦੀ ਗੁਣਵੱਤਾ, ਸੁਤੰਤਰ ਵਕਾਲਤ ਅਤੇ ਸੰਵਿਧਾਨਕ ਸੰਤੁਲਨ ਨਾਲ ਜੁੜੀਆਂ ਹਨ ਜਾਂ ਕੇਵਲ ਪੇਸ਼ੇਵਰ ਹਿੱਤਾਂ ਨਾਲ। ਇਸ ਦਾ ਜਵਾਬ ਤੱਥਾਂ, ਖੋਜ ਅਤੇ ਸੰਵਾਦ ਰਾਹੀਂ ਹੀ ਮਿਲ ਸਕਦਾ ਹੈ।

ਅੱਗੇ ਦਾ ਰਾਹ: ਟਕਰਾਅ ਨਹੀਂ, ਸੰਵਾਦ

ਇਸ ਪੂਰੀ ਬਹਿਸ ਦਾ ਹੱਲ ਟਕਰਾਅ ਵਿੱਚ ਨਹੀਂ, ਸਗੋਂ ਸੰਵਾਦ ਵਿੱਚ ਹੈ।

ਮੇਰੇ ਵਿਚਾਰ ਵਿੱਚ ਹੇਠ ਲਿਖੇ ਸੁਝਾਵਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਸਕਦਾ ਹੈ

1. ਲੀਗਲ ਏਡ ਡਿਫੈਂਸ ਕੌਂਸਲ ਦੀ ਸੁਤੰਤਰ ਮੁਲਾਂਕਣ ਕਮੇਟੀ ਬਣਾਈ ਜਾਵੇ, ਜਿਸ ਵਿੱਚ ਨਿਆਂਪਾਲਿਕਾ,ਮੁੱਫਤ ਕਾਨੂੰਨੀ ਸੇਵਾਵਾਂ ਅਥਾਰਟੀ,ਬਾਰ ਕੌਂਸਲ ਅਤੇ ਬਾਰ ਐਸੋਸੀਏਸ਼ਨਾਂ ਦੇ ਪ੍ਰਤੀਨਿਧੀ ਸ਼ਾਮਲ ਹੋਣ।
2. ਹਾਈਬ੍ਰਿਡ ਮਾਡਲ ਅਪਣਾਇਆ ਜਾਵੇ ਜਿਸ ਵਿੱਚ ਪੂਰੇ ਸਮੇਂ ਦੇ ਡਿਫੈਂਸਕੌਂਸਲ ਦੇ ਨਾਲ ਯੋਗ ਪੈਨਲ ਵਕੀਲਾਂ ਨੂੰਵੀਮੌਕੇ ਦਿੱਤੇ ਜਾਣ।
3. ਨੌਜਵਾਨ ਵਕੀਲਾਂ ਲਈ ਵਿਸ਼ੇਸ਼ ਸਿਖਲਾਈ ਅਤੇ ਮੈਨਟਰਸ਼ਿਪ ਪ੍ਰੋਗਰਾਮ ਸ਼ੁਰੂ ਕੀਤੇ ਜਾਣ, ਤਾਂ ਜੋ ਕਾਨੂੰਨੀ ਸਹਾਇਤਾ ਪੇਸ਼ੇਵਰ ਵਿਕਾਸ ਦਾ ਵੀ ਸਾਧਨ ਬਣੇ।
4. ਕਾਰਜ-ਯੋਜਨਾ ਰਾਂਹੀ ਕੇਸਾਂ ਦੇ ਨਿਪਟਾਰੇ ਵਿੱਚ ਗੁਣਵੱਤਾ ਪੈਮਾਨੇ ਵੀ ਸ਼ਾਮਲ ਕੀਤੇ ਜਾਣ ਜਿਵੇਂ ਫ਼ੈਸਲਿਆਂ ਦੀ ਗੁਣਵੱਤਾ, ਸੁਣਵਾਈ ਦਾ ਸਮਾਂ, ਪੱਖਕਾਰਾਂ ਦੀ ਸੰਤੁਸ਼ਟੀ ਅਤੇ ਅਪੀਲ ਵਿੱਚ ਫ਼ੈਸਲੇ ਦੀ ਸਥਿਤੀ।
5. ਗ੍ਰਾਮਨਿਆਂਲਿਆ ਦਾ ਵਿਸਥਾਰ ਕਰਨ ਤੋਂ ਪਹਿਲਾਂ ਰਾਜ-ਵਾਰ ਅਧਿਐਨ ਕੀਤਾ ਜਾਵੇ ਕਿ ਮੌਜੂਦਾ ਜ਼ਿਲ੍ਹਾ ਅਦਾਲਤਾਂ ਨੂੰ ਮਜ਼ਬੂਤ ਕਰਨਾ ਜ਼ਿਆਦਾ ਪ੍ਰਭਾਵਸ਼ਾਲੀ ਹੋਵੇਗਾ ਜਾਂ ਨਵੀਆਂ ਸੰਸਥਾਵਾਂ ਬਣਾਉਣਾ।
6. ਹਰ ਵੱਡੇ ਨਿਆਂਕ ਸੁਧਾਰ ਤੋਂ ਪਹਿਲਾਂ ਬਾਰ ਐਸੋਸੀਏਸ਼ਨਾਂ ਨਾਲ ਸੰਸਥਾਗਤ ਸਲਾਹ-ਮਸ਼ਵਰਾ ਲਾਜ਼ਮੀ ਕੀਤਾ ਜਾਵੇ।

ਭਾਰਤ ਦੀ ਨਿਆਂ ਪ੍ਰਣਾਲੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਨਿਆਂਕ ਪ੍ਰਣਾਲੀਆਂ ਵਿੱਚੋਂ ਇੱਕ ਹੈ। ਇਸ ਦੀਆਂ ਚੁਣੌਤੀਆਂ ਵੀ ਵੱਡੀਆਂ ਹਨ ਅਤੇ ਸੁਧਾਰਾਂ ਦੀ ਲੋੜ ਵੀ ਅਟੱਲ ਹੈ।

ਪਰ ਸੁਧਾਰਾਂ ਦਾ ਉਦੇਸ਼ ਕੇਵਲ ਕੇਸਾਂ ਦੀ ਗਿਣਤੀ ਘਟਾਉਣਾ ਨਹੀਂ ਹੋ ਸਕਦਾ। ਉਨ੍ਹਾਂ ਦਾ ਉਦੇਸ਼ ਨਿਆਂ ਨੂੰ ਹੋਰ ਸੁਲਭ, ਹੋਰ ਨਿਰਪੱਖ ਅਤੇ ਹੋਰ ਭਰੋਸੇਯੋਗ ਬਣਾਉਣਾ ਹੋਣਾ ਚਾਹੀਦਾ ਹੈ।

ਅੱਜ ਲੋੜ ਇਸ ਗੱਲ ਦੀ ਨਹੀਂ ਕਿ ਅਸੀਂ ਸੁਧਾਰਾਂ ਦੇ ਹੱਕ ਜਾਂ ਵਿਰੋਧ ਵਿੱਚ ਖੜ੍ਹੇ ਹੋਈਏ। ਲੋੜ ਇਸ ਗੱਲ ਦੀ ਹੈ ਕਿ ਅਸੀਂ ਅਜਿਹੇ ਸੁਧਾਰਾਂ ਦਾ ਸਮਰਥਨ ਕਰੀਏ ਜੋ ਸੰਵਿਧਾਨ ਦੀ ਮੂਲ ਭਾਵਨਾ, ਸੁਤੰਤਰ ਨਿਆਂਪਾਲਿਕਾ, ਸੁਤੰਤਰ ਬਾਰ ਅਤੇ ਆਮ ਨਾਗਰਿਕ ਦੇ ਨਿਆਂ ਦੇ ਅਧਿਕਾਰ ਇਨ੍ਹਾਂ ਚਾਰਾਂ ਵਿਚਕਾਰ ਸੰਤੁਲਨ ਕਾਇਮ ਰੱਖਣ।

ਇੱਕ ਮਜ਼ਬੂਤ ਲੋਕਤੰਤਰ ਦੀ ਪਹਿਚਾਣ ਕੇਵਲ ਚੰਗੇ ਕਾਨੂੰਨਾਂ ਨਾਲ ਨਹੀਂ ਹੁੰਦੀ ਅਜਿਹੀਆਂ ਸੰਸਥਾਵਾਂ ਨਾਲ ਹੁੰਦੀ ਹੈ ਜੋ ਲੋਕਾਂ ਦਾ ਭਰੋਸਾ ਜਿੱਤਣ। ਇਹ ਭਰੋਸਾ ਉਦੋਂ ਹੀ ਬਣਿਆ ਰਹੇਗਾ ਜਦੋਂ ਨਿਆਂ ਪ੍ਰਣਾਲੀ ਦੇ ਹਰ ਸੁਧਾਰ ਦਾ ਕੇਂਦਰ ਸੰਵਿਧਾਨ ਹੋਵੇਗਾ, ਨਾ ਕਿ ਕੇਵਲ ਪ੍ਰਸ਼ਾਸਨਿਕ ਸੁਵਿਧਾ।

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਅਮਰੀਕੀਆਂ ਲਈ ਪਾਸਪੋਰਟ ਬਣਵਾਉਣਾ ਹੋਵੇਗਾ ਹੋਰ ਆਸਾਨ

**ਵਾਸ਼ਿੰਗਟਨ**
**ਸਾਂਝੀ ਸੋਚ ਬਿਊਰੋ**

ਅਮਰੀਕੀ ਪਾਸਪੋਰਟ ਬਣਵਾਉਣ ਦੀ ਪ੍ਰਕਿਰਿਆ ਆਉਣ ਵਾਲੇ ਸਮੇਂ 'ਚ ਪਹਿਲਾਂ ਨਾਲੋਂ ਕਾਫ਼ੀ ਆਸਾਨ ਹੋ ਸਕਦੀ ਹੈ। ਅਮਰੀਕੀ ਵਿਦੇਸ਼ ਮੰਤਰਾਲਾ ਇੱਕ ਨਵੇਂ ਫੇਸ਼ਲ ਰਿਕੋਗਨੀਸ਼ਨ (ਚਿਹਰਾ ਪਛਾਣ) ਆਧਾਰਿਤ ਡਿਜ਼ੀਟਲ ਸਿਸਟਮ ਦੀ ਜਾਂਚ ਕਰ ਰਿਹਾ ਹੈ, ਜਿਸ ਨਾਲ ਨਾਗਰਿਕਾਂ ਨੂੰ ਪਾਸਪੋਰਟ ਫੋਟੋ ਖਿੱਚਵਾਉਣ ਲਈ ਫੋਟੋ ਸਟੂਡੀਓ ਜਾਂ ਫਾਰਮੇਸੀ ਸਟੋਰਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ।

ਮੌਜੂਦਾ ਸਮੇਂ ਵਿਚ ਪਾਸਪੋਰਟ ਲਈ ਅਰਜ਼ੀ ਦੇਣ ਵਾਲੇ ਲੋਕਾਂ ਨੂੰ ਨਿਰਧਾਰਤ ਮਾਪਦੰਡਾਂ ਅਨੁਸਾਰ ਫੋਟੋ ਖਿੱਚਵਾਉਣ ਲਈ ਸੀ.ਵੀ.ਐੱਸ., ਵਾਲਗ੍ਰੀਨਜ਼ ਜਾਂ ਹੋਰ ਮਨਜ਼ੂਰਸ਼ੁਦਾ ਫੋਟੋ ਸੈਂਟਰਾਂ ਦਾ ਸਹਾਰਾ ਲੈਣਾ ਪੈਂਦਾ ਹੈ। ਕਈ ਵਾਰ ਗਲਤ ਸਾਈਜ਼, ਬੈਕਗ੍ਰਾਊਂਡ ਜਾਂ ਰੌਸ਼ਨੀ ਕਾਰਨ ਫੋਟੋ ਰੱਦ ਹੋ ਜਾਂਦੀ ਹੈ, ਜਿਸ ਨਾਲ ਅਰਜ਼ੀ ਵਿਚ ਦੇਰੀ ਅਤੇ ਵਾਧੂ ਖਰਚਾ ਵੀ ਆ ਜਾਂਦਾ ਹੈ।

ਨਵੇਂ ਸਿਸਟਮ ਦੇ ਲਾਗੂ ਹੋਣ ਤੋਂ ਬਾਅਦ ਅਰਜ਼ੀਕਾਰ ਆਪਣੇ ਸਮਾਰਟਫੋਨ, ਟੈਬਲੈਟ ਜਾਂ ਕੰਪਿਊਟਰ ਰਾਹੀਂ ਘਰ ਬੈਠੇ ਹੀ ਪਾਸਪੋਰਟ ਫੋਟੋ ਖਿੱਚ ਕੇ ਅਪਲੋਡ ਕਰ ਸਕਣਗੇ। ਸਿਸਟਮ ਵਿਚ ਸ਼ਾਮਲ ਆਰਟੀਫ਼ਿਸ਼ਲ ਇੰਟੈਲੀਜੈਂਸ (ਏ.ਆਈ.) ਅਤੇ ਫੇਸ਼ਲ ਰਿਕੋਗਨੀਸ਼ਨ ਤਕਨਾਲੋਜੀ ਤੁਰੰਤ ਜਾਂਚ ਕਰੇਗੀ ਕਿ ਫੋਟੋ ਸਰਕਾਰੀ ਮਾਪਦੰਡਾਂ ਅਨੁਸਾਰ ਹੈ ਜਾਂ ਨਹੀਂ। ਜੇਕਰ ਫੋਟੋ ਵਿਚ ਕੋਈ ਕਮੀ ਹੋਵੇਗੀ, ਤਾਂ ਸਿਸਟਮ ਤੁਰੰਤ ਦੱਸੇਗਾ ਕਿ ਉਸ ਨੂੰ ਕਿਵੇਂ ਠੀਕ ਕੀਤਾ ਜਾਵੇ।




ਇਸ ਤਕਨਾਲੋਜੀ ਨਾਲ ਪਾਸਪੋਰਟ ਅਰਜ਼ੀ ਦੀ ਪ੍ਰਕਿਰਿਆ ਹੋਰ ਤੇਜ਼ ਅਤੇ ਸੁਚਾਰੂ ਹੋਣ ਦੀ ਉਮੀਦ ਹੈ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਲੱਖਾਂ ਅਮਰੀਕੀ ਨਾਗਰਿਕਾਂ ਦਾ ਸਮਾਂ ਅਤੇ ਪੈਸਾ ਦੋਵੇਂ ਬਚਣਗੇ, ਨਾਲ ਹੀ ਪਾਸਪੋਰਟ ਅਰਜ਼ੀਆਂ ਵਿਚ ਫੋਟੋ ਨਾਲ ਜੁੜੀਆਂ ਗਲਤੀਆਂ ਵੀ ਕਾਫ਼ੀ ਘੱਟ ਹੋਣਗੀਆਂ।

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬਿਓ ਨੇ ਕਿਹਾ ਹੈ ਕਿ ਸਰਕਾਰ ਦਾ ਟੀਚਾ ਵੱਧ ਤੋਂ ਵੱਧ ਸਰਕਾਰੀ ਸੇਵਾਵਾਂ ਨੂੰ ਡਿਜ਼ੀਟਲ ਬਣਾਉਣਾ ਹੈ, ਤਾਂ ਜੋ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਦੇ ਘੱਟ ਚੱਕਰ ਲਗਾਉਣੇ ਪੈਣ। ਉਨ੍ਹਾਂ ਕਿਹਾ ਕਿ ਪਾਸਪੋਰਟ ਅਰਜ਼ੀ ਪ੍ਰਕਿਰਿਆ ਨੂੰ ਆਧੁਨਿਕ ਅਤੇ ਆਸਾਨ ਬਣਾਉਣ ਲਈ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਇਸ ਨਵੇਂ ਸਿਸਟਮ ਵਿਚ ਸੁਰੱਖਿਆ ਨੂੰ ਵੀ ਖਾਸ ਤਰਜੀਹ ਦਿੱਤੀ ਗਈ ਹੈ। ਫੇਸ਼ਲ ਰਿਕੋਗਨੀਸ਼ਨ ਤਕਨਾਲੋਜੀ ਰਾਹੀਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਅਰਜ਼ੀ ਦੇਣ ਵਾਲੇ ਦੀ ਪਛਾਣ ਸਹੀ ਹੈ ਅਤੇ ਕਿਸੇ ਹੋਰ ਵਿਅਕਤੀ ਦੀ ਫੋਟੋ ਦੀ ਵਰਤੋਂ ਨਾ ਹੋ ਸਕੇ। ਇਸ ਨਾਲ ਧੋਖਾਧੜੀ ਅਤੇ ਜਾਅਲੀ ਦਸਤਾਵੇਜ਼ਾਂ ਦੇ ਮਾਮਲੇ ਘਟਣ ਦੀ ਉਮੀਦ ਵੀ ਜਤਾਈ ਜਾ ਰਹੀ ਹੈ।

ਹਾਲਾਂਕਿ ਇਹ ਸਿਸਟਮ ਅਜੇ ਟੈਸਟਿੰਗ ਅਤੇ ਵਿਕਾਸ ਦੇ ਪੜਾਅ ਵਿਚ ਹੈ। ਅਮਰੀਕੀ ਸਰਕਾਰ ਨੇ ਅਜੇ ਤੱਕ ਇਹ ਐਲਾਨ ਨਹੀਂ ਕੀਤਾ ਕਿ ਇਹ ਸੇਵਾ ਕਦੋਂ ਦੇਸ਼ ਭਰ ਵਿਚ ਲਾਗੂ ਕੀਤੀ ਜਾਵੇਗੀ। ਇਸ ਲਈ ਇਸ ਵੇਲੇ ਪਾਸਪੋਰਟ ਲਈ ਅਰਜ਼ੀ ਦੇਣ ਵਾਲੇ ਲੋਕਾਂ ਨੂੰ ਮੌਜੂਦਾ ਨਿਯਮਾਂ ਅਨੁਸਾਰ ਹੀ ਫੋਟੋ ਜਮ੍ਹਾਂ ਕਰਵਾਉਣੀ ਪਵੇਗੀ।

ਜੇਕਰ ਇਹ ਯੋਜਨਾ ਸਫਲ ਰਹਿੰਦੀ ਹੈ, ਤਾਂ ਅਮਰੀਕਾ ਵਿਚ ਪਾਸਪੋਰਟ ਬਣਵਾਉਣ ਦੀ ਪ੍ਰਕਿਰਿਆ ਪਹਿਲਾਂ ਨਾਲੋਂ ਕਾਫ਼ੀ ਆਸਾਨ, ਤੇਜ਼ ਅਤੇ ਡਿਜ਼ੀਟਲ ਹੋ ਜਾਵੇਗੀ, ਜਿਸ ਦਾ ਲਾਭ ਹਰ ਸਾਲ ਪਾਸਪੋਰਟ ਲਈ ਅਰਜ਼ੀ ਦੇਣ ਵਾਲੇ ਲੱਖਾਂ ਅਮਰੀਕੀ ਨਾਗਰਿਕਾਂ ਨੂੰ ਮਿਲੇਗਾ।

# ਅਮਰੀਕਾ ਨੇ ਵੀਜ਼ਾ ਵੇਵਰ ਪ੍ਰੋਗਰਾਮ ਤਹਿਤ ਵੀਜ਼ਾ-ਮੁਕਤ ਯਾਤਰਾ ਲਈ ਯੋਗਤਾ ਨਿਯਮ ਕੀਤੇ ਹੋਰ ਸਖ਼ਤ

**ਵਾਸ਼ਿੰਗਟਨ**
**ਸਾਂਝੀ ਸੋਚ ਬਿਊਰੋ**

ਅਮਰੀਕਾ ਨੇ ਵੀਜ਼ਾ ਵੇਵਰ ਪ੍ਰੋਗਰਾਮ (ਵੀ.ਡਬਲਯੂ.ਪੀ.) ਤਹਿਤ ਵੀਜ਼ਾ-ਮੁਕਤ ਯਾਤਰਾ ਲਈ ਯੋਗਤਾ ਨਿਯਮ ਹੋਰ ਸਖ਼ਤ ਕਰ ਦਿੱਤੇ ਹਨ। ਇਸ ਕਾਰਨ ਕੁਝ ਅਜਿਹੇ ਯਾਤਰੀ, ਜੋ ਪਹਿਲਾਂ ਇਲੈਕਟ੍ਰਾਲਿਕ ਸਿਸਟਮ ਫਾਰ ਟਰੈਵਲ ਔਥਰਾਈਜ਼ੇਸ਼ਨ (ਈ.ਐੱਸ.ਟੀ.ਏ.) ਰਾਹੀਂ ਬਿਨਾਂ ਵੀਜ਼ੇ ਦੇ ਅਮਰੀਕਾ ਜਾ ਸਕਦੇ ਸਨ, ਹੁਣ ਉਨ੍ਹਾਂ ਨੂੰ ਰੈਗੂਲਰ ਅਮਰੀਕੀ ਵੀਜ਼ਾ ਲਈ ਅਰਜ਼ੀ ਦੇਣੀ ਪਵੇਗੀ। ਇਹ ਪਾਬੰਦੀਆਂ ਪੂਰੇ ਦੇਸ਼ਾਂ 'ਤੇ ਨਹੀਂ, ਸਗੋਂ ਖ਼ਾਸ ਯਾਤਰੀਆਂ ਦੀ ਯੋਗਤਾ 'ਤੇ ਲਾਗੂ ਹੁੰਦੀਆਂ ਹਨ। ਅਮਰੀਕਾ ਦਾ ਵੀਜ਼ਾ ਵੇਵਰ ਪ੍ਰੋਗਰਾਮ ਭਾਗੀਦਾਰ ਦੇਸ਼ਾਂ ਦੇ ਨਾਗਰਿਕਾਂ ਨੂੰ ਸੈਰ-ਸਪਾਟੇ ਜਾਂ ਕਾਰੋਬਾਰ ਲਈ 90 ਦਿਨ ਤੱਕ ਬਿਨਾਂ ਰਵਾਇਤੀ ਵੀਜ਼ੇ ਦੇ ਯਾਤਰਾ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ ਯਾਤਰਾ ਤੋਂ ਪਹਿਲਾਂ ਈ.ਐੱਸ.ਟੀ.ਏ. ਮਨਜ਼ੂਰੀ ਲੈਣੀ ਲਾਜ਼ਮੀ ਹੁੰਦੀ ਹੈ ਅਤੇ ਹਰ ਯਾਤਰੀ ਨੂੰ ਨਿਰਧਾਰਤ ਸੁਰੱਖਿਆ ਮਾਪਦੰਡ ਪੂਰੇ ਕਰਨੇ ਪੈਂਦੇ ਹਨ।

ਨਵੇਂ ਨਿਯਮਾਂ ਅਨੁਸਾਰ ਉਹ ਲੋਕ ਵੀਜ਼ਾ ਵੇਵਰ ਪ੍ਰੋਗਰਾਮ ਦੀ ਸਹੂਲਤ ਨਹੀਂ ਲੈ ਸਕਣਗੇ, ਜਿਨ੍ਹਾਂ ਨੇ 1 ਮਾਰਚ 2011 ਤੋਂ ਬਾਅਦ ਇਰਾਨ, ਇਰਾਕ, ਉੱਤਰੀ ਕੋਰੀਆ, ਸੀਰੀਆ, ਲੀਬੀਆ, ਸੋਮਾਲੀਆ, ਸੂਡਾਨ ਜਾਂ ਯਮਨ ਦੀ ਯਾਤਰਾ ਕੀਤੀ ਹੈ। ਇਸ ਤੋਂ ਇਲਾਵਾ, 12 ਜਨਵਰੀ 2021 ਤੋਂ ਬਾਅਦ ਕਿਊਬਾ ਦੀ ਯਾਤਰਾ ਕਰਨ ਵਾਲੇ ਕੁਝ ਯਾਤਰੀ ਅਤੇ ਪਾਬੰਦੀ ਵਾਲੇ ਦੇਸ਼ਾਂ ਦੀ ਦੋਹਰੀ ਨਾਗਰਿਕਤਾ ਰੱਖਣ ਵਾਲੇ ਵਿਅਕਤੀ ਵੀ ਈ.ਐੱਸ.ਟੀ.ਏ. ਲਈ ਅਯੋਗ ਹੋ ਸਕਦੇ ਹਨ। ਕੁਝ ਸੀਮਤ ਛੋਟਾਂ ਵੀ ਮੌਜੂਦ ਹਨ।




ਅਮਰੀਕੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਪੂਰੀ ਯਾਤਰਾ ਪਾਬੰਦੀ ਨਹੀਂ ਹੈ। ਜਿਹੜੇ ਲੋਕ ਈ.ਐੱਸ.ਟੀ.ਏ. ਲਈ ਯੋਗ ਨਹੀਂ ਰਹਿੰਦੇ, ਉਹ ਅਜੇ ਵੀ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਰਾਹੀਂ ਰੈਗੂਲਰ ਵੀਜ਼ਾ ਲਈ ਅਰਜ਼ੀ ਦੇ ਸਕਦੇ ਹਨ। ਫ਼ਰਕ ਸਿਰਫ਼ ਇਹ ਹੈ ਕਿ ਹੁਣ ਉਨ੍ਹਾਂ ਦੀ ਵਧੇਰੇ ਸੁਰੱਖਿਆ ਜਾਂਚ ਅਤੇ ਇੰਟਰਵਿਊ ਕੀਤਾ ਜਾਵੇਗਾ।

ਇਹ ਨਿਯਮ ਅਮਰੀਕਾ ਨੇ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਸੰਭਾਵਿਤ ਖ਼ਤਰਿਆਂ ਦੀ ਵਧੇਰੇ ਜਾਂਚ ਲਈ ਲਾਗੂ ਕੀਤੇ ਹਨ। ਸਰਕਾਰ ਦਾ ਮੰਨਣਾ ਹੈ ਕਿ ਕੁਝ ਯਾਤਰੀਆਂ ਦੇ ਯਾਤਰਾ ਇਤਿਹਾਸ ਜਾਂ ਦੋਹਰੀ ਨਾਗਰਿਕਤਾ ਕਾਰਨ ਵਾਧੂ ਜਾਂਚ ਜ਼ਰੂਰੀ ਹੈ। ਯਾਤਰਾ ਦੀ ਯੋਜਨਾ ਬਣਾਉਣ ਵਾਲੇ ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਟਿਕਟ ਬੁੱਕ ਕਰਨ ਤੋਂ ਪਹਿਲਾਂ ਆਪਣੀ ਈ.ਐੱਸ.ਟੀ.ਏ. ਯੋਗਤਾ ਅਤੇ ਅਮਰੀਕਾ ਦੇ ਤਾਜ਼ਾ ਦਾਖ਼ਲਾ ਨਿਯਮਾਂ ਦੀ ਜਾਂਚ ਜ਼ਰੂਰ ਕਰ ਲੈਣ। ਯੋਗਤਾ ਦੀ ਪੁਸ਼ਟੀ ਨਾ ਕਰਨ ਦੀ ਸੂਰਤ ਵਿਚ ਬੋਰਡਿੰਗ ਤੋਂ ਇਨਕਾਰ, ਯਾਤਰਾ ਰੱਦ ਹੋਣ ਜਾਂ ਹੋਰ ਦੇਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਤਬਦੀਲੀਆਂ ਮੁੱਖ ਤੌਰ 'ਤੇ ਵੀਜ਼ਾ ਵੇਵਰ ਪ੍ਰੋਗਰਾਮ ਵਾਲੇ ਦੇਸ਼ਾਂ ਦੇ ਨਾਗਰਿਕਾਂ ਲਈ ਹਨ। ਭਾਰਤ ਇਸ ਪ੍ਰੋਗਰਾਮ ਦਾ ਹਿੱਸਾ ਨਹੀਂ ਹੈ, ਇਸ ਲਈ ਭਾਰਤੀ ਪਾਸਪੋਰਟ ਧਾਰਕਾਂ ਲਈ ਅਮਰੀਕੀ ਵੀਜ਼ਾ ਪ੍ਰਕਿਰਿਆ ਵਿਚ ਇਸ ਖ਼ਬਰ ਕਾਰਨ ਕੋਈ ਸਿੱਧੀ ਤਬਦੀਲੀ ਨਹੀਂ ਆਈ ਹੈ।

# ਪ੍ਰਧਾਨ ਮੰਤਰੀ ਮੋਦੀ ਦੇ ਪੰਜਾਬ ਦੌਰੇ ਤੋਂ ਪਹਿਲਾਂ ਸੁਰੱਖਿਆ ਪ੍ਰਬੰਧ ਹਾਈ ਅਲਰਟ 'ਤੇ! ਪੁਲਿਸ ਅਤੇ ਸੁਰੱਖਿਆ ਏਜੰਸੀਆਂ ਚੌਕਸ

**ਨਵੀਂ ਦਿੱਲੀ**
**ਸਾਂਝੀ ਸੋਚ ਬਿਊਰੋ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 17 ਜੁਲਾਈ ਨੂੰ ਹੋਣ ਵਾਲੇ ਪੰਜਾਬ ਦੌਰੇ ਤੋਂ ਪਹਿਲਾਂ ਸੂਬੇ ਵਿਚ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਸਖ਼ਤ ਕਰ ਦਿੱਤਾ ਗਿਆ ਹੈ। ਮੋਹਾਲੀ ਦੇ ਤਿੰਨ ਨਿੱਜੀ ਸਕੂਲਾਂ ਅਤੇ ਮੇਅਰ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਵਾਲੇ ਈ-ਮੇਲ ਮਿਲਣ ਤੋਂ ਬਾਅਦ ਪੁਲਿਸ, ਖੁਫੀਆ ਏਜੰਸੀਆਂ ਅਤੇ ਬੰਬ ਨਿਰੋਧਕ ਦਸਤਿਆਂ ਨੂੰ ਤੁਰੰਤ ਅਲਰਟ ਕਰ ਦਿੱਤਾ ਗਿਆ।

ਧਮਕੀ ਭਰੇ ਈ-ਮੇਲ ਮਿਲਣ ਤੋਂ ਬਾਅਦ ਪੁਲਿਸ ਨੇ ਪ੍ਰਭਾਵਿਤ ਸਕੂਲਾਂ ਅਤੇ ਮੇਅਰ ਦਫ਼ਤਰ ਨੂੰ ਤੁਰੰਤ ਖਾਲੀ ਕਰਵਾਇਆ। ਬੰਬ ਨਿਰੋਧਕ ਦਸਤੇ, ਡੌਗ ਸਕੁਐਡ ਅਤੇ ਫੋਰੈਂਸਿਕ ਮਾਹਿਰਾਂ ਨੇ ਇਮਾਰਤਾਂ ਦੀ ਬਾਰੀਕੀ ਨਾਲ ਜਾਂਚ ਕੀਤੀ, ਪਰ ਕਿਸੇ ਵੀ ਥਾਂ ਤੋਂ ਕੋਈ ਸ਼ੱਕੀ ਵਸਤੂ ਜਾਂ ਵਿਸਫੋਟਕ ਸਮੱਗਰੀ ਨਹੀਂ ਮਿਲੀ। ਮੁੱਢਲੀ ਜਾਂਚ ਵਿਚ ਇਹ ਧਮਕੀ ਝੂਠੀ ਜਾਪਦੀ ਹੈ, ਪਰ ਪੁਲਿਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਇਸ ਘਟਨਾ ਤੋਂ ਬਾਅਦ ਮੋਹਾਲੀ, ਚੰਡੀਗੜ੍ਹ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਸੁਰੱਖਿਆ ਹੋਰ ਵਧਾ ਦਿੱਤੀ ਗਈ ਹੈ। ਸੰਵੇਦਨਸ਼ੀਲ ਥਾਵਾਂ, ਸਰਕਾਰੀ ਦਫ਼ਤਰਾਂ, ਸਕੂਲਾਂ, ਰੇਲਵੇ ਸਟੇਸ਼ਨਾਂ ਅਤੇ ਜਨਤਕ ਸਥਾਨਾਂ 'ਤੇ ਪੁਲਿਸ ਦੀ ਤਾਇਨਾਤੀ ਵਧਾਈ ਗਈ ਹੈ। ਨਾਲ ਹੀ, ਖੁਫੀਆ ਏਜੰਸੀਆਂ ਵੀ ਈ-ਮੇਲ ਭੇਜਣ ਵਾਲੇ ਵਿਅਕਤੀ ਜਾਂ ਗਰੁੱਪ ਦੀ ਪਛਾਣ ਕਰਨ ਲਈ ਜਾਂਚ ਕਰ ਰਹੀਆਂ ਹਨ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 17 ਜੁਲਾਈ ਨੂੰ ਪੰਜਾਬ ਵਿਚ ਕਈ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨ ਅਤੇ ਜਨਤਾ ਨੂੰ ਸੰਬੋਧਨ ਕਰਨ ਵਾਲੇ ਹਨ। ਇਸ ਦੌਰੇ ਨੂੰ ਦੇਖਦਿਆਂ ਪਹਿਲਾਂ ਹੀ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਜਾ ਰਹੇ ਸਨ, ਪਰ ਤਾਜ਼ਾ ਧਮਕੀਆਂ ਤੋਂ ਬਾਅਦ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰ ਦਿੱਤਾ ਗਿਆ ਹੈ।



ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਸ਼ੱਕੀ ਗਤੀਵਿਧੀ ਜਾਂ ਲਾਵਾਰਿਸ ਵਸਤੂ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ। ਅਧਿਕਾਰੀਆਂ ਨੇ ਇਹ ਵੀ ਕਿਹਾ ਹੈ ਕਿ ਫਿਲਹਾਲ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਪਰ ਸੁਰੱਖਿਆ ਦੇ ਮੱਦੇਨਜ਼ਰ ਹਰ ਜਾਣਕਾਰੀ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਮਾਮਲੇ ਦੀ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ।

**ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...**





ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ


Green Card ਨਹੀਂ ਹੈ | I-485 Application ਅਜੇ Pending ਹੈ।

**Ghuman Law Group ਤੁਹਾਡੇ ਨਾਲ ਹੈ**

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

ONLY WAY TO GROW YOUR BUSINESS FASTER

BNG
(Business Network Gateway)

We work for you to
Boost Your Business

VIDEO ADVERTISEMENTS
We make professional video advertisements for your business in Punjabi, Hindi & English

POSTERS DESIGN
We design flyers, Posters and Post Cards to promote your business

BUSINESS CARD DESIGN
WE DESIGN YOUR BUSINESS CARD

SOCIAL MEDIA HANDLERS
We can manage your Business social media handlers Facebook, instagram & YouTube

24/7 TECH SUPPORT
We provide 24/7 tech support

For more information call
Boota Singh Basi +1 (209) 303-1260

# ਆਈਐਨਐਸ ਸੁਦਰਸ਼ਿਨੀ ਨੇ ਸੇਲ ਬੋਸਟਨ 250 ਸਮਾਰੋਹ 'ਚ ਭਾਰਤ ਦੀ ਅਮੀਰ ਸਮੁੰਦਰੀ ਵਿਰਾਸਤ ਨੂੰ ਕੀਤਾ ਪੇਸ਼

ਬੋਸਟਨ
ਸਾਂਝੀ ਸੋਚ ਬਿਊਰੋ

ਭਾਰਤੀ ਜਲ ਸੈਨਾ ਦਾ ਸੇਲ ਟ੍ਰੇਨਿੰਗ ਜਹਾਜ਼ ਆਈ.ਐਨ.ਐਸ. ਸੁਦਰਸ਼ਿਨੀ ਨੇ ਸੇਲ ਬੋਸਟਨ 250 ਸਮਾਰੋਹ ਵਿੱਚ ਸ਼ਾਮਲ ਹੋ ਕੇ ਭਾਰਤ ਦੀ ਅਮੀਰ ਸਮੁੰਦਰੀ ਵਿਰਾਸਤ ਨੂੰ ਸ਼ਾਨਦਾਰ ਢੰਗ ਨਾਲ ਦੁਨੀਆ ਦੇ ਸਾਹਮਣੇ ਪੇਸ਼ ਕੀਤਾ ਹੈ। ਇਹ ਸਮਾਗਮ ਅਮਰੀਕਾ ਦੀ ਆਜ਼ਾਦੀ ਦੇ 250ਵੇਂ ਜਸ਼ਨਾਂ ਦਾ ਹਿੱਸਾ ਸੀ।ਆਈਐਨਐਸ ਸੁਦਰਸ਼ਿਨੀ ਨੇ ਸੇਲ ਬੋਸਟਨ 250 ਵਿਖੇ ਇੱਕ ਇਤਿਹਾਸਕ ਪੇਸ਼ਕਾਰੀ ਕੀਤੀ ਹੈ, ਜਿਸ ਵਿੱਚ ਬੋਸਟਨ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਭਾਰਤ ਦੀ ਸਮੁੰਦਰੀ ਵਿਰਾਸਤ, ਜਲ ਸੈਨਾ ਸਮਰੱਥਾਵਾਂ ਅਤੇ ਵਧਦੇ ਭਾਰਤ-ਅਮਰੀਕਾ ਸਮੁੰਦਰੀ ਸਹਿਯੋਗ ਦੇ ਪ੍ਰਤੀਕ ਵਜੋਂ ਜਹਾਜ਼ ਦੀ ਭਾਗੀਦਾਰੀ ਨੂੰ ਉਜਾਗਰ ਕੀਤਾ ਹੈ।ਬੋਸਟਨ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਮੰਗਲਵਾਰ ਨੂੰ ਐਕਸ 'ਤੇ ਕਿਹਾ ਕਿ ਜਹਾਜ਼ 'ਤੇ ਕੈਪਟਨ ਦੇ ਸਵਾਗਤ ਦੌਰਾਨ ਇੱਕ ਮੀਡੀਆ ਬ੍ਰੀਫਿੰਗ ਕੀਤੀ ਗਈ।

"ਸੇਲ250 ਵਿੱਚ ਹਿੱਸਾ ਲੈਣ ਵਾਲੇ ਆਈਐਨਐਸ ਸੁਦਰਸ਼ਿਨੀ 'ਤੇ ਕੈਪਟਨ ਦੇ ਸਵਾਗਤ ਸਮੇਂ', ਇੰਡੀਅਨਬੋਸਟਨ ਨੇ ਇੱਕ ਮੀਡੀਆ ਬ੍ਰੀਫਿੰਗ ਕੀਤੀ।" ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਕੌਂਸਲ ਜਨਰਲ ਰਘੂਰਾਮ ਐਸ. ਨੇ ਅਮਰੀਕੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਦੀ ਯਾਦ ਵਿੱਚ ਅੰਤਰਰਾਸ਼ਟਰੀ ਸਮੁੰਦਰੀ ਸਮਾਗਮ ਵਿੱਚ ਆਈਐਨਐਸ ਸੁਦਰਸ਼ਿਨੀ ਨੇ ਸੇਲ ਬੋਸਟਨ 250 ਸਮਾਰੋਹ 'ਚ ਭਾਰਤ ਦੀ ਅਮੀਰ



ਸਮੁੰਦਰੀ ਵਿਰਾਸਤ ਨੂੰ ਕੀਤਾ ਪੇਸ਼ ਸੁਦਰਸ਼ਿਨੀ ਦੀ ਭਾਗੀਦਾਰੀ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ।ਕੌਂਸਲੇਟ ਦੇ ਅਨੁਸਾਰ, ਕੌਂਸਲ ਜਨਰਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ "ਸੁਦਰਸ਼ਿਨੀ ਏਸ਼ੀਆ ਅਤੇ ਵਿਸ਼ਾਲ ਹਿੰਦ ਮਹਾਸਾਗਰ ਖੇਤਰ ਤੋਂ ਹਿੱਸਾ ਲੈਣ ਵਾਲਾ ਇੱਕੋ ਇੱਕ ਜਲ ਸੈਨਾ ਦਾ ਜਹਾਜ਼ ਹੈ" ਅਤੇ ਇਹ ਵੀ ਕਿਹਾ ਕਿ ਇਹ ਜਹਾਜ਼ "ਅਮਰੀਕਾ ਦੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਵਿੱਚ ਹਿੱਸਾ ਲੈਣ ਲਈ ਅਮਰੀਕਾ ਦੇ ਪੂਰਬੀ ਤੱਟ 'ਤੇ ਪਹੁੰਚਣ ਲਈ ਸਾਢੇ 5 ਮਹੀਨਿਆਂ ਤੱਕ ਸਮੁੰਦਰੀ ਸਫ਼ਰ ਕੀਤਾ।"ਮਿਸ਼ਨ ਨੇ ਜਹਾਜ਼ ਦੀਆਂ ਸਮੁੰਦਰੀ ਜਹਾਜ਼ਾਂ ਦੀਆਂ ਸਮਰੱਥਾਵਾਂ 'ਤੇ ਵੀ ਜ਼ੋਰ ਦਿੱਤਾ, ਇਹ ਕਹਿੰਦੇ ਹੋਏ ਕਿ ਇਸਨੇ "ਭਾਰਤ ਦੀਆਂ ਜਲ ਸੈਨਾ ਸਮਰੱਥਾਵਾਂ ਦਾ ਪ੍ਰਦਰਸ਼ਨ ਕੀਤਾ।"ਭਾਰਤ ਦੀਆਂ ਸਵਦੇਸ਼ੀ ਜਹਾਜ਼ ਨਿਰਮਾਣ ਸ਼ਕਤੀਆਂ ਨੂੰ ਉਜਾਗਰ ਕਰਦੇ ਹੋਏ, ਕੌਂਸਲੇਟ ਨੇ ਕਿਹਾ: "ਸੁਦਰਸ਼ਿਨੀ ਦਾ ਹਰ ਹਿੱਸਾ, ਉਪਕਰਣ ਅਤੇ ਫੈਬਰਿਕ ਭਾਰਤ ਵਿੱਚ ਡਿਜ਼ਾਈਨ ਅਤੇ ਨਿਰਮਿਤ ਕੀਤਾ ਗਿਆ ਸੀ, ਜੋ ਭਾਰਤ ਦੀਆਂ ਜਹਾਜ਼ ਨਿਰਮਾਣ ਸਮਰੱਥਾਵਾਂ ਨੂੰ ਪ੍ਰਦਰਸ਼ਿਤ ਕਰਦਾ ਹੈ।" ਇਸ ਨੇ ਅੱਗੇ ਕਿਹਾ ਕਿ ਇਹ ਜਹਾਜ਼ "ਭਾਰਤੀ ਜਲ ਸੈਨਾ ਕੈਡਿਟਾਂ ਲਈ ਇੱਕ ਸਿਖਲਾਈ ਜਹਾਜ਼ ਵਜੋਂ ਕੰਮ ਕਰਦਾ ਹੈ ਜੋ ਸਮੁੰਦਰੀ ਸਫ਼ਰ ਕਰਦੇ ਹਨ ਅਤੇ ਸਿਖਲਾਈ ਲੈਂਦੇ ਹਨ।"

ਸੇਲ ਬੋਸਟਨ 250 ਵਿੱਚ ਆਈਐਨਐਸ ਸੁਦਰਸ਼ਿਨੀ ਦੀ ਭਾਗੀਦਾਰੀ ਭਾਰਤ ਦੀ ਸਮੁੰਦਰੀ ਕੂਟਨੀਤੀ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਹੈ, ਜੋ ਦੇਸ਼ ਦੀ ਸਵਦੇਸ਼ੀ ਜਹਾਜ਼ ਨਿਰਮਾਣ ਮੁਹਾਰਤ, ਜਲ ਸੈਨਾ ਸਿਖਲਾਈ ਪਰੰਪਰਾਵਾਂ ਅਤੇ ਵੱਕਾਰੀ ਅੰਤਰਰਾਸ਼ਟਰੀ ਸਮੁੰਦਰੀ ਯਾਤਰਾ ਸਮਾਗਮ ਵਿੱਚ ਹਿੱਸਾ ਲੈਣ ਵਾਲੇ ਸੰਯੁਕਤ ਰਾਜ ਅਮਰੀਕਾ ਅਤੇ ਹੋਰ ਦੇਸ਼ਾਂ ਨਾਲ ਸਮੁੰਦਰੀ ਭਾਈਵਾਲੀ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਵਿਦੇਸ਼ ਮੰਤਰੀ ਜੈਸ਼ੰਕਰ ਨੇ ਬ੍ਰਸੇਲਜ਼ ਵਿੱਚ ਯੂਰਪੀਅਨ ਕੌਂਸਲ ਦੇ ਪ੍ਰਧਾਨ ਨਾਲ ਕੀਤੀ ਮੁਲਾਕਾਤ: ਵਪਾਰ, ਤਕਨਾਲੋਜੀ, ਰਣਨੀਤਕ ਸਹਿਯੋਗ 'ਤੇ ਕੀਤੀ ਚਰਚਾ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਬੁੱਧਵਾਰ ਨੂੰ ਬ੍ਰਸੇਲਜ਼ ਵਿੱਚ ਯੂਰਪੀਅਨ ਕੌਂਸਲ ਦੇ ਪ੍ਰਧਾਨ ਐਂਟੋਨੀਓ ਕੋਸਟਾ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਭਾਰਤ-ਯੂਰਪੀਅਨ ਯੂਨੀਅਨ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਉੱਚ-ਪੱਧਰੀ ਕੂਟਨੀਤਕ ਸ਼ਮੂਲੀਅਤ ਸ਼ੁਰੂ ਕੀਤੀ।ਇਹ ਮੁਲਾਕਾਤ ਵਿਦੇਸ਼ ਮੰਤਰੀ ਜੈਸ਼ੰਕਰ ਦੀ ਬੈਲਜੀਅਮ ਦੀ ਅਧਿਕਾਰਤ ਫੇਰੀ (14-15 ਜੁਲਾਈ, 2026) ਦੌਰਾਨ ਹੋਈ ਹੈ, ਜਿੱਥੇ ਉਹ ਸੀਨੀਅਰ ਭਾਰਤੀ ਮੰਤਰੀਆਂ ਅਤੇ ਅਧਿਕਾਰੀਆਂ ਦੇ ਨਾਲ ਤੀਜੀ ਭਾਰਤ-ਈਯੂ ਵਪਾਰ ਅਤੇ ਤਕਨਾਲੋਜੀ ਪ੍ਰੀਸ਼ਦ (ਟੀਟੀਸੀ) ਮੀਟਿੰਗ ਵਿੱਚ ਹਿੱਸਾ ਲੈ ਰਹੇ ਹਨ।

ਰਾਸ਼ਟਰਪਤੀ ਕੋਸਟਾ ਨਾਲ ਆਪਣੀ ਮੁਲਾਕਾਤ ਤੋਂ ਬਾਅਦ, ਈਏਐਮ ਜੈਸ਼ੰਕਰ ਨੇ ਐਕਸ ਤੇ ਵੇਰਵੇ ਸਾਂਝੇ ਕਰਦਿਆਂ ਕਿਹਾ: "ਯੂਰਪੀਅਨ ਕੌਂਸਲ ਦੇ ਪ੍ਰਧਾਨ ਉਨਟੋਨਿ ਲਸਚੋ ਸਟਓ ਨੂੰ ਸੀਆਈਐਮ ਫਿ ਸਹਘੋ ਓਲ, ਅੈ ਮ ਓ ਅੈ ਸ ਓ ਠੈ ਝਿਟਿਨਫਰਓਸਓਦਓ ਅਤੇ ਪ੍ਰਿੰਸੀਪਲ ਵਿਗਿਆਨਕ ਸਲਾਹਕਾਰ ਪ੍ਰੋਫੈਸਰ ਅਜੈ ਕੇ ਸੂਦ ਦੇ ਨਾਲ ਮਿਲ ਕੇ ਖੁਸ਼ੀ



ਹੋਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਸਾਲ ਦੇ ਸ਼ੁਰੂ ਵਿੱਚ ਹੋਏ ਇਤਿਹਾਸਕ ਭਾਰਤ-ਈਯੂ ਸੰਮੇਲਨ ਤੋਂ ਬਾਅਦ ਸਾਡੀ ਸਾਂਝੇਦਾਰੀ ਵਿੱਚ ਮਹੱਤਵਪੂਰਨ ਪ੍ਰਗਤੀ ਨੂੰ ਮਾਨਤਾ ਦੇਣ ਲਈ ਆਪਣੇ ਸਾਥੀਆਂ ਨਾਲ ਸ਼ਾਮਲ ਹੋਇਆ।"

ਇਸ ਸਾਲ ਦੇ ਸ਼ੁਰੂ ਵਿੱਚ ਹੋਏ ਇਤਿਹਾਸਕ ਭਾਰਤ-ਈਯੂ ਸੰਮੇਲਨ ਤੋਂ ਬਾਅਦ, ਮੀਟਿੰਗ ਨੇ ਭਾਰਤ-ਈਯੂ ਸਬੰਧਾਂ ਵਿੱਚ ਵਧ ਰਹੀ ਗਤੀ, ਖਾਸ ਕਰਕੇ ਵਪਾਰ, ਤਕਨਾਲੋਜੀ, ਨਵੀਨਤਾ ਅਤੇ ਰਣਨੀਤਕ ਸਹਿਯੋਗ ਵਿੱਚ, ਨੂੰ ਰੇਖਾਂਕਿਤ ਕੀਤਾ।

ਇਸ ਤੋਂ ਪਹਿਲਾਂ, ਆਪਣੀ ਬ੍ਰਸੇਲਜ਼ ਫੇਰੀ ਦੀ ਸ਼ੁਰੂਆਤ ਦਾ ਐਲਾਨ ਕਰਦੇ ਹੋਏ, ਈਏਐਮ ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਨੇ ਯੂਰਪੀਅਨ ਯੂਨੀਅਨ ਦੇ ਵਿਦੇਸ਼ ਮਾਮਲਿਆਂ ਅਤੇ ਸੁਰੱਖਿਆ ਨੀਤੀ ਲਈ ਉੱਚ ਪ੍ਰਤੀਨਿਧੀ ਅਤੇ ਯੂਰਪੀਅਨ ਕਮਿਸ਼ਨ ਦੇ ਉਪ-ਪ੍ਰਧਾਨ, ਕਾਜਾ ਕਾਲਾਸ ਨਾਲ ਵਿਆਪਕ ਵਿਚਾਰ-ਵਟਾਂਦਰੇ ਕੀਤੇ।ਵਿਦੇਸ਼ ਮੰਤਰੀ ਜੈਸ਼ੰਕਰ ਦੀ ਬ੍ਰਸੇਲਜ਼ ਫੇਰੀ ਉਨ੍ਹਾਂ ਦੇ ਚੱਲ ਰਹੇ ਬਹੁ-ਰਾਸ਼ਟਰੀ ਕੂਟਨੀਤਕ ਦੌਰੇ ਦਾ ਇੱਕ ਮੁੱਖ ਪੜਾਅ ਹੈ ਅਤੇ ਇਹ ਤੀਜੀ ਭਾਰਤ-ਯੂਰਪ ਵਪਾਰ ਅਤੇ ਤਕਨਾਲੋਜੀ ਪ੍ਰੀਸ਼ਦ ਦੀ ਮੀਟਿੰਗ 'ਤੇ ਕੇਂਦ੍ਰਿਤ ਹੈ, ਜਿੱਥੇ ਦੋਵਾਂ ਧਿਰਾਂ ਤੋਂ ਮਹੱਤਵਪੂਰਨ ਤਕਨਾਲੋਜੀਆਂ, ਡਿਜੀਟਲ ਪਰਿਵਰਤਨ, ਲਚਕੀਲੀ ਸਪਲਾਈ ਚੇਨਾਂ, ਸਾਫ਼ ਊਰਜਾ ਅਤੇ ਆਰਥਿਕ ਸੁਰੱਖਿਆ ਵਿੱਚ ਸਹਿਯੋਗ ਨੂੰ ਡੂੰਘਾ ਕਰਨ ਦੀ ਉਮੀਦ ਹੈ।

# 2027 ਦੀਆਂ ਚੋਣਾਂ ਲਈ ਕਾਂਗਰਸ ਹਾਈਕਮਾਂਡ ਵੱਲੋਂ ਮੀਟਿੰਗਾਂ ਤੇਜ਼

## ਪੰਜਾਬ ਕਾਂਗਰਸ 'ਚ ਸਿਆਸੀ ਘਮਾਸਾਨ ਹੋਰ ਤੇਜ਼

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਪੰਜਾਬ ਕਾਂਗਰਸ ਵਿਚ ਚੱਲ ਰਹੀ ਅੰਦਰੂਨੀ ਖਿੱਚੋਤਾਣ ਹੁਣ ਨਵੇਂ ਦੌਰ ਵਿਚ ਦਾਖਲ ਹੋ ਗਈ ਹੈ। 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਕਾਂਗਰਸ ਹਾਈਕਮਾਂਡ ਨੇ ਦਿੱਲੀ ਵਿਚ ਮੀਟਿੰਗਾਂ ਦਾ ਸਿਲਸਿਲਾ ਤੇਜ਼ ਕਰ ਦਿੱਤਾ ਹੈ। ਪੰਜਾਬ ਦੇ ਕਈ ਸੀਨੀਅਰ ਆਗੂ ਲਗਾਤਾਰ ਦਿੱਲੀ ਪਹੁੰਚ ਰਹੇ ਹਨ, ਜਿਸ ਕਾਰਨ ਸਿਆਸੀ ਹਲਕਿਆਂ ਵਿਚ ਇਹ ਚਰਚਾ ਤੇਜ਼ ਹੋ ਗਈ ਹੈ ਕਿ ਪਾਰਟੀ ਆਉਣ ਵਾਲੀਆਂ ਚੋਣਾਂ ਲਈ ਆਪਣੀ ਰਣਨੀਤੀ ਨੂੰ ਨਵੇਂ ਸਿਰੇ ਤੋਂ ਤਿਆਰ ਕਰ ਰਹੀ ਹੈ।

ਸੂਤਰਾਂ ਅਨੁਸਾਰ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਹੋਰ ਸੀਨੀਅਰ ਆਗੂਆਂ ਨਾਲ ਕਾਂਗਰਸ ਹਾਈਕਮਾਂਡ ਵੱਲੋਂ ਵੱਖ-ਵੱਖ ਪੱਧਰਾਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ।

ਇਨ੍ਹਾਂ ਮੀਟਿੰਗਾਂ ਵਿਚ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ, ਸੰਗਠਨ ਦੀ ਕਾਰਗੁਜ਼ਾਰੀ, ਵਰਕਰਾਂ ਦੀ ਨਾਰਾਜ਼ਗੀ ਅਤੇ 2027 ਦੀਆਂ ਚੋਣਾਂ ਲਈ ਪਾਰਟੀ ਦੀ ਤਿਆਰੀ 'ਤੇ ਵਿਸਥਾਰ ਨਾਲ ਚਰਚਾ ਹੋ ਰਹੀ ਹੈ।

ਦਿੱਲੀ ਵਿਚ ਹੋ ਰਹੀਆਂ ਮੀਟਿੰਗਾਂ ਦਾ ਇੱਕ ਵੱਡਾ ਕਾਰਨ ਪੰਜਾਬ ਕਾਂਗਰਸ ਅੰਦਰ ਚੱਲ ਰਹੀ ਧੜੇਬੰਦੀ ਨੂੰ ਵੀ ਮੰਨਿਆ ਜਾ ਰਿਹਾ ਹੈ।

ਪਿਛਲੇ ਕੁਝ ਸਮੇਂ ਤੋਂ ਪਾਰਟੀ ਦੇ ਕਈ ਸੀਨੀਅਰ ਆਗੂ ਸੂਬਾ ਲੀਡਰਸ਼ਿਪ ਦੀ ਕਾਰਗੁਜ਼ਾਰੀ ਨੂੰ ਲੈ ਕੇ ਆਪਣੇ ਵਿਚਾਰ ਖੁੱਲ੍ਹ ਕੇ ਰੱਖ ਰਹੇ ਹਨ। ਖਾਸ ਤੌਰ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੀ ਅਗਵਾਈ ਨੂੰ ਲੈ ਕੇ ਵੀ ਵੱਖ-ਵੱਖ ਧਿਰਾਂ ਵੱਲੋਂ ਸਵਾਲ ਉਠਾਏ ਗਏ ਹਨ। ਇਸ ਕਾਰਨ ਹਾਈਕਮਾਂਡ ਲਈ ਇਹ ਮਾਮਲਾ ਹੋਰ ਮਹੱਤਵਪੂਰਨ ਬਣ ਗਿਆ ਹੈ।

ਰਿਪੋਰਟਾਂ ਮੁਤਾਬਕ, ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਫਿਲਹਾਲ ਰਾਜਾ ਵੜਿੰਗ ਦੀ ਅਗਵਾਈ 'ਤੇ ਆਪਣਾ ਭਰੋਸਾ ਕਾਇਮ ਰੱਖਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਚੋਣਾਂ ਤੋਂ ਪਹਿਲਾਂ ਕਿਸੇ ਵੱਡੇ ਸੰਗਠਨਾਤਮਕ ਬਦਲਾਅ ਦੀ ਬਜਾਏ ਪਾਰਟੀ ਨੂੰ ਇੱਕਜੁੱਟ ਰੱਖਣਾ ਜ਼ਿਆਦਾ ਜ਼ਰੂਰੀ ਹੈ। ਹਾਈਕਮਾਂਡ ਦੀ ਕੋਸ਼ਿਸ਼ ਹੈ ਕਿ ਸਾਰੇ ਸੀਨੀਅਰ ਆਗੂਆਂ ਨੂੰ ਨਾਲ ਲੈ ਕੇ ਚੱਲਿਆ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਅੰਦਰੂਨੀ ਖਿੱਚੋਤਾਣ ਨੂੰ ਜਲਦੀ ਖਤਮ ਕੀਤਾ ਜਾਵੇ।

ਮੀਟਿੰਗਾਂ ਦੌਰਾਨ ਸੰਗਠਨ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ, ਵਰਕਰਾਂ ਨੂੰ ਸਰਗਰਮ ਕਰਨ, ਨੌਜਵਾਨਾਂ ਅਤੇ ਮਹਿਲਾਵਾਂ ਦੀ ਭਾਗੀਦਾਰੀ ਵਧਾਉਣ, ਜ਼ਿਲ੍ਹਾ ਅਤੇ ਬਲਾਕ ਇਕਾਈਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਅਤੇ ਜਨ ਸੰਪਰਕ ਮੁਹਿੰਮਾਂ ਨੂੰ ਤੇਜ਼ ਕਰਨ ਵਰਗੇ ਮੁੱਦਿਆਂ 'ਤੇ ਵੀ ਵਿਸਥਾਰ ਨਾਲ ਚਰਚਾ ਹੋਈ ਹੈ।

ਪਾਰਟੀ ਦਾ ਮੰਨਣਾ ਹੈ ਕਿ ਮਜ਼ਬੂਤ ਸੰਗਠਨ ਤੋਂ ਬਿਨਾਂ 2027 ਦੀਆਂ ਚੋਣਾਂ ਵਿਚ ਸੱਤਾ ਵਿਚ ਵਾਪਸੀ ਸੰਭਵ ਨਹੀਂ ਹੋਵੇਗੀ।

ਇਸ ਦੇ ਨਾਲ ਹੀ ਪਾਰਟੀ ਅੰਦਰ ਇਹ ਵੀ ਚਰਚਾ ਚੱਲ ਰਹੀ ਹੈ ਕਿ ਆਉਣ ਵਾਲੇ ਸਮੇਂ ਵਿਚ ਸੂਬਾ ਸੰਗਠਨ ਵਿਚ ਕੁਝ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ।

ਹਾਲਾਂਕਿ ਕਾਂਗਰਸ ਹਾਈਕਮਾਂਡ ਜਾਂ ਪਾਰਟੀ ਵੱਲੋਂ ਇਸ ਸਬੰਧੀ ਅਜੇ ਤੱਕ ਕੋਈ ਅਧਿਕਾਰਕ ਐਲਾਨ ਨਹੀਂ ਕੀਤਾ ਗਿਆ। ਸੂਤਰਾਂ ਦਾ ਕਹਿਣਾ ਹੈ ਕਿ ਹਾਈਕਮਾਂਡ ਪਹਿਲਾਂ ਸਾਰੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕਰਕੇ ਸਹਿਮਤੀ ਬਣਾਉਣਾ ਚਾਹੁੰਦੀ ਹੈ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਹੁਣ ਕਾਂਗਰਸ ਦਾ ਪੂਰਾ ਧਿਆਨ ਪੰਜਾਬ 'ਤੇ ਕੇਂਦਰਿਤ ਹੋ ਗਿਆ ਹੈ। ਪਾਰਟੀ ਇਹ ਨਹੀਂ ਚਾਹੁੰਦੀ ਕਿ ਅੰਦਰੂਨੀ ਵਿਵਾਦਾਂ ਕਾਰਨ ਉਸ ਦੀ ਚੋਣੀ ਤਿਆਰੀ ਪ੍ਰਭਾਵਿਤ ਹੋਵੇ। ਇਸ ਲਈ ਦਿੱਲੀ ਵਿੱਚ ਹੋ ਰਹੀਆਂ ਮੀਟਿੰਗਾਂ ਨੂੰ ਸਿਰਫ਼ ਸੰਗਠਨਾਤਮਕ ਕਵਾਇਦ ਨਹੀਂ, ਸਗੋਂ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਬੁਨਿਆਦ ਮੰਨਿਆ ਜਾ ਰਿਹਾ ਹੈ।

ਆਉਣ ਵਾਲੇ ਦਿਨਾਂ ਵਿੱਚ ਦਿੱਲੀ ਦਰਬਾਰ ਤੋਂ ਨਿਕਲਣ ਵਾਲੇ ਫੈਸਲੇ ਪੰਜਾਬ ਕਾਂਗਰਸ ਦੀ ਭਵਿੱਖੀ ਰਣਨੀਤੀ, ਸੰਗਠਨਾਤਮਕ ਢਾਂਚੇ ਅਤੇ ਚੋਣੀ ਮੁਹਿੰਮ ਦੀ ਦਿਸ਼ਾ ਤੈਅ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਇਸ ਵੇਲੇ ਪੂਰੀ ਸਿਆਸੀ ਨਜ਼ਰ ਕਾਂਗਰਸ ਹਾਈਕਮਾਂਡ ਦੇ ਅਗਲੇ ਕਦਮ 'ਤੇ ਟਿਕੀ ਹੋਈ ਹੈ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.




# ਗੁਰਦੁਆਰਾ ਸਾਹਿਬ ਸੈਨ ਹੋਜ਼ੇ

## ਜੁਲਾਈ 2026 ਵਿਸ਼ੇਸ਼ ਧਾਰਮਿਕ, ਵਿਦਿਅਕ ਅਤੇ ਪਰਿਵਾਰਕ ਸਮਾਗਮ

### 30 ਜੂਨ 2026

ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਪੁਰਬ ਮੌਕੇ ਗੁਰਬਾਣੀ ਕੀਰਤਨ ਤੇ ਕਥਾ ਵਿਚਾਰ ਦਾ ਵਿਸ਼ੇਸ਼ ਸਮਾਗਮ |

### 29 ਜੂਨ – 3 ਜੁਲਾਈ

**One Week Filmmaking Workshop**

ਕੀ ਤੁਹਾਡਾ ਬੱਚਾ ਵੀਡੀਓ ਬਣਾਉਣ, ਕੈਮਰਾ ਚਲਾਉਣ ਜਾਂ ਕਹਾਣੀਆਂ ਸੁਣਾਉਣ ਦਾ ਸ਼ੌਕੀਨ ਹੈ ?
ਐਮੀ ਐਵਾਰਡ ਜੇਤੂ ਫ਼ਿਲਮਮੇਕਰ ਹਰਬਲਦੀਪ ਸਿੰਘ ਵੱਲੋਂ ਬੱਚਿਆਂ ਨੂੰ ਆਧੁਨਿਕ ਮੀਡੀਆ ਰਾਹੀਂ ਸਿੱਖ ਵਿਰਾਸਤ ਨੂੰ ਦੁਨੀਆ ਤੱਕ ਪਹੁੰਚਾਉਣ ਦੀ ਵਿਸ਼ੇਸ਼ ਟ੍ਰੇਨਿੰਗ।

### 29 ਜੂਨ – 5 ਜੁਲਾਈ

ਰੋਜ਼ਾਨਾ ਗੁਰਮਤਿ ਕਥਾ ਅਤੇ ਵਿਚਾਰ
ਗਿਆਨੀ ਕੁਲਦੀਪ ਸਿੰਘ ਜੀ ਅਭਿਆਸੀ (ਦਮਦਮੀ ਟਕਸਾਲ)
ਰੋਜ਼ਾਨਾ ਗੁਰਮਤਿ ਵਿਚਾਰ ਅਤੇ ਕਥਾ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।

### 3 – 5 ਜੁਲਾਈ

**ਸਵੇਰੇ 9:00 ਵਜੇ – ਸ਼ਾਮ 5:30 ਵਜੇ**

ਗੁਰਮਤਿ ਸਿਮਰਨ ਅਭਿਆਸ ਕੈਂਪ ਕਰਵਾਇਆ ਜਾ ਰਿਹਾ ਜਿਸ ਵਿਚ ਭਾਈ ਗੁਰਦੀਪ ਸਿੰਘ ਜੀ (ਇੰਜੀਨੀਅਰ), Los Angeles ਵਾਲੇ ਆਪਣੀ ਖਾਸ ਸ਼ਮੂਲੀਅਤ ਕਰਨਗੇ |

### 4 ਜੁਲਾਈ | ਸ਼ਾਮ 7:00 ਵਜੇ

**Ice Cream Social**

ਅਮਰੀਕਾ ਦੇ 250ਵੇਂ Independence Day ਮੌਕੇ Ice Cream Social ਦਾ ਖਾਸ ਪ੍ਰੋਗਰਾਮ ਕਰਵਾਇਆ ਜਾ ਰਿਹਾ |

### 10 ਜੁਲਾਈ | ਸ਼ਾਮ 7:15


Oracle Park ਵਿਖੇ
First Sikh Heritage Night ਦਾ ਆਯੋਜਨ ਕੀਤਾ ਗਿਆ |
ਜਿਥੇ ਬਾਸਕਿਟਬਾਲ ਦੇ ਮੈਚ
San Francisco Giants VS. Colorado Rockies
ਵਿਚਕਾਰ ਹੋਵੇਗਾ |

### 13 – 17 ਜੁਲਾਈ | ਸਵੇਰੇ 8:00 ਵਜੇ – ਸ਼ਾਮ 4:00 ਵਜੇ

**Annual Summer Gurmat Camp**

ਬੱਚਿਆਂ ਲਈ: ਗੁਰਬਾਣੀ, ਪੰਜਾਬੀ, ਸਿੱਖ ਇਤਿਹਾਸ, ਕੀਰਤਨ, ਸੇਵਾ, ਚੰਗੇ ਜੀਵਨ ਮੁੱਲ
ਗਰਮੀਆਂ ਦੀਆਂ ਛੁੱਟੀਆਂ ਨੂੰ ਸਿੱਖੀ, ਸੇਵਾ ਅਤੇ ਸਿੱਖਿਆ ਨਾਲ ਭਰਪੂਰ ਬਣਾਓ।

ਜੁਲਾਈ 2026 ਵਿਸ਼ੇਸ਼ ਧਾਰਮਿਕ ਵਿਦਿਅਕ ਅਤੇ ਪਰਿਵਾਰਕ ਸਮਾਗਮ




**Address : 3636 Gurdwara Ave, San Jose, CA, 95148**
**www.sanjosegurdwara.com | (408) 274-9373**

Gillson TRUCKING INC



# NOW HIRING
## TRUCK DRIVERS CLASS A CDL

- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com

# ਭਿਆਨਕ ਸੜਕ ਹਾਦਸੇ 'ਚ 4 ਲੋਕਾਂ ਦੀ ਮੌਤ, 15 ਜ਼ਖਮੀ

ਇਸਲਾਮਾਬਾਦ
ਸਾਂਝੀ ਸੋਚ ਬਿਊਰੋ



ਬਚਾਅ ਅਧਿਕਾਰੀਆਂ ਨੇ ਬੁੱਧਵਾਰ ਨੂੰ ਦੱਸਿਆ ,ਪਾਕਿਸਤਾਨ ਦੇ ਪੂਰਬੀ ਪੰਜਾਬ ਸੂਬੇ ਵਿੱਚ ਮੰਗਲਵਾਰ ਨੂੰ ਇੱਕ ਤੇਜ਼ ਰਫ਼ਤਾਰ ਯਾਤਰੀ ਬੱਸ ਦੇ ਮੋਟਰਸਾਈਕਲ ਨਾਲ ਟਕਰਾਉਣ ਤੋਂ ਬਾਅਦ ਪਲਟਣ ਕਾਰਨ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 15 ਹੋਰ ਜ਼ਖਮੀ ਹੋ ਗਏ।

ਰੈਸਕਿਊ 1122 ਦੇ ਬੁਲਾਰੇ ਨੇ ਦੱਸਿਆ ਕਿ ਇਹ ਹਾਦਸਾ ਸ਼ੇਖੂਪੁਰਾ ਜ਼ਿਲ੍ਹੇ ਦੇ ਮੁਰੀਦਕੇ ਖੇਤਰ ਵਿੱਚ ਕਾਲਾ ਖਟਾਈ ਰੋਡ ਨੇੜੇ ਵਾਪਰਿਆ ਜਦੋਂ ਬੱਸ ਮੋਟਰਸਾਈਕਲ ਨਾਲ ਟਕਰਾਉਣ ਤੋਂ ਬਾਅਦ ਕੰਟਰੋਲ ਗੁਆ ਬੈਠੀ ਅਤੇ ਪਲਟ ਗਈ। ਬਚਾਅ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਜ਼ਖਮੀਆਂ ਨੂੰ ਸਰਕਾਰੀ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ। ਬੁਲਾਰੇ ਨੇ ਕਿਹਾ ਕਿ ਛੇ ਹੋਰ ਜ਼ਖਮੀ ਯਾਤਰੀਆਂ ਦਾ ਮੌਕੇ 'ਤੇ ਇਲਾਜ ਕੀਤਾ ਗਿਆ ਅਤੇ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ। ਇਸ ਘਟਨਾ ਤੋਂ ਬਾਅਦ ਜਾਂਚ ਜਾਰੀ ਹੈ।

# ਪਾਕਿਸਤਾਨ ਦੇ ਖੈਬਰ ਪਖਤੂਨਖਵਾ ਵਿੱਚ ਛੱਤ ਡਿੱਗਣ ਨਾਲ 11 ਲੋਕਾਂ ਦੀ ਮੌਤ

ਲੰਡਨ
ਸਾਂਝੀ ਸੋਚ ਬਿਊਰੋ



ਪਾਕਿਸਤਾਨ ਦੇ ਖੈਬਰ ਪਖਤੂਨਖਵਾ ਦੇ ਕੋਹਾਟ ਜ਼ਿਲ੍ਹੇ ਦੀ ਲਾਚੀ ਤਹਿਸੀਲ ਵਿੱਚ ਭਾਰੀ ਬਾਰਿਸ਼ ਦੌਰਾਨ ਇੱਕ ਘਰ ਦੀ ਛੱਤ ਡਿੱਗਣ ਕਾਰਨ ਔਰਤਾਂ ਅਤੇ ਬੱਚਿਆਂ ਸਮੇਤ 11 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ, ਸਥਾਨਕ ਮੀਡੀਆ ਨੇ ਬੁੱਧਵਾਰ ਨੂੰ ਦੱਸਿਆ।

ਪਾਕਿਸਤਾਨ ਸਥਿਤ ਰੋਜ਼ਾਨਾ ਡਾਨ ਦੀ ਰਿਪੋਰਟ ਅਨੁਸਾਰ, ਰੈਸਕਿਊ 1122 ਦੇ ਅਧਿਕਾਰੀਆਂ ਦੇ ਅਨੁਸਾਰ, ਇਹ ਘਟਨਾ ਮਾਲਾਗਿਨ ਖੇਤਰ ਵਿੱਚ ਵਾਪਰੀ ਜਦੋਂ ਘਰ ਵਿੱਚ ਇੱਕ ਪਰਿਵਾਰਕ ਇਕੱਠ ਹੋ ਰਿਹਾ ਸੀ, ਜਿਸ ਕਾਰਨ ਬਹੁਤ ਸਾਰੇ ਲੋਕ ਮਲਬੇ ਹੇਠ ਦੱਬ ਗਏ। ਬਚਾਅ ਕਰਮਚਾਰੀਆਂ ਨੇ ਕਿਹਾ ਕਿ 15 ਲੋਕ ਮਲਬੇ ਹੇਠ ਫਸ ਗਏ। ਬਚਾਅ ਟੀਮਾਂ ਨੇ ਸਾਰੇ ਪੀੜਤਾਂ ਨੂੰ ਬਾਹਰ ਕੱਢਿਆ ਅਤੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ। ਇਨ੍ਹਾਂ ਵਿੱਚੋਂ, 11 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਬਾਕੀ ਜ਼ਖਮੀਆਂ ਨੂੰ ਅਗਲੇ ਇਲਾਜ ਲਈ ਵੱਖ-ਵੱਖ ਹਸਪਤਾਲਾਂ ਵਿੱਚ ਰੈਫਰ ਕਰਨ ਤੋਂ ਪਹਿਲਾਂ ਮੁੱਢਲੀ ਸਹਾਇਤਾ ਦਿੱਤੀ ਗਈ। ਬਚਾਅ ਅਧਿਕਾਰੀਆਂ ਨੇ ਕਿਹਾ ਕਿ ਜ਼ਖਮੀਆਂ ਵਿੱਚੋਂ ਜ਼ਿਆਦਾਤਰ ਔਰਤਾਂ ਅਤੇ ਬੱਚੇ ਸਨ।

# ਇੰਗਲੈਂਡ 'ਚ ਪੰਜਾਬੀ ਕੁੜੀ ਦਾ ਬੇਰਹਿਮੀ ਨਾਲ ਕਤਲ

ਲੰਡਨ
ਸਾਂਝੀ ਸੋਚ ਬਿਊਰੋ



ਇੰਗਲੈਂਡ ਵਿੱਚ ਪੰਜਾਬ ਦੀ ਇੱਕ ਜਵਾਨ ਕੁੜੀ ਦਾ ਕਤਲ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਹਮਲਾਵਰ ਨੇ ਕੁੜੀ ਦੇ ਪੇਟ ਵਿੱਚ ਪੰਜ ਵਾਰ ਚਾਕੂ ਮਾਰਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਕਿਰਨਦੀਪ ਕੌਰ ਵਜੋਂ ਹੋਈ ਹੈ ਜੋ ਕਿ ਤਰਨਤਾਰਨ ਦੀ ਰਹਿਣ ਵਾਲੀ ਸੀ। ਕਿਰਨਦੀਪ ਮੁਟਿਆਰ ਦੋ ਸਾਲ ਪਹਿਲਾਂ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਵਿਦਿਆਰਥੀ ਵੀਜ਼ੇ 'ਤੇ ਇੰਗਲੈਂਡ ਗਈ ਸੀ। ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਉਸਨੂੰ ਵਰਕ ਪਰਮਿਟ ਮਿਲ ਗਿਆ ਅਤੇ ਉਹ ਕੀਤੇ ਨੌਕਰੀ ਕਰ ਰਹੀ ਸੀ। ਘਟਨਾ ਦੀ ਜਾਣਕਾਰੀ ਮਿਲਣ 'ਤੇ, ਸਥਾਨਕ ਪੁਲਿਸ ਮੌਕੇ 'ਤੇ ਪਹੁੰਚੀ, ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ, ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸ਼ੁਰੂਆਤੀ ਜਾਂਚ ਵਿੱਚ ਅਜੇ ਤੱਕ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਬ੍ਰਿਟਿਸ਼ ਪੁਲਿਸ ਮਾਮਲੇ ਦੇ ਹਰ ਪਹਿਲੂ ਦੀ ਜਾਂਚ ਕਰ ਰਹੀ ਹੈ ਅਤੇ ਹਮਲਾਵਰ ਦੀ ਭਾਲ ਕਰ ਰਹੀ ਹੈ। ਇਸ ਸੰਬੰਧੀ ਮ੍ਰਿਤਕ ਕੁੜੀ ਦੇ ਪਿਤਾ, ਸੁਖਦੇਵ ਸਿੰਘ, ਨੇ ਕਿਹਾ ਕਿ ਪਰਿਵਾਰ ਨੇ ਆਪਣੀ ਧੀ ਨੂੰ ਜ਼ਮੀਨ ਵੇਚ ਕੇ ਇੰਗਲੈਂਡ ਭੇਜਿਆ ਸੀ। ਉਨ੍ਹਾਂ ਕਿਹਾ ਕਿ ਕਿਰਨਦੀਪ ਐਤਵਾਰ ਸਵੇਰੇ ਆਪਣੇ ਕਮਰੇ ਵਿੱਚ ਸੁੱਤੀ ਪਈ ਸੀ ਜਦੋਂ ਇੱਕ ਅਣਪਛਾਤਾ ਹਮਲਾਵਰ ਕਥਿਤ ਤੌਰ 'ਤੇ ਕਮਰੇ ਵਿੱਚ ਦਾਖਲ ਹੋਇਆ ਅਤੇ ਉਸ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ। ਗੰਭੀਰ ਸੱਟਾਂ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ।

# ਕਰਤਾਰਪੁਰ ਸਾਹਿਬ ਕੋਰੀਡੋਰ ਖੋਲ੍ਹਣ ਲਈ ਦੋਵੇਂ ਸਰਕਾਰਾਂ ਭਾਰਤ ਪਾਕਿਸਤਾਨ ਤੁਰੰਤ ਕਦਮ ਚੁੱਕਣ: ਮਨਜੀਤ ਸਿੰਘ ਭੋਮਾ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ



ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਲਾਂਘਾ ਮੁੜ ਖੋਲ੍ਹਣ ਦੀ ਮੰਗ ਨੂੰ ਲੈ ਕੇ ਸਿੱਖ ਸੰਗਤਾਂ ਵੱਲੋਂ ਮਹੀਨੇਵਾਰ ਅਰਦਾਸ ਕੀਤੀ ਗਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਮਨਜੀਤ ਸਿੰਘ ਭੋਮਾ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਨੂੰ ਤੁਰੰਤ ਖੋਲ੍ਹਣਾ ਚਾਹੀਦਾ ਹੈ, ਤਾਂ ਜੋ ਸਿੱਖ ਸੰਗਤਾਂ ਆਪਣੇ ਗੁਰੂ ਘਰ ਦੇ ਖੁੱਲ੍ਹੇ ਦਰਸ਼ਨ-ਦੀਦਾਰ ਕਰ ਸਕਣ। ਸਿੱਖ ਆਗੂ ਭਾਈ ਸੁਰਿੰਦਰ ਪਾਲ ਸਿੰਘ ਤਾਲਬਪੁਰਾ ਨੇ ਕਿਹਾ ਕਿ ਜਿੱਥੇ ਭਾਰਤ ਵਾਲੇ ਪਾਸੇ ਸਿੱਖ ਸੰਗਤਾਂ ਵੱਲੋਂ ਹਰ ਮਹੀਨੇ ਅਰਦਾਸ ਕੀਤੀ ਜਾਂਦੀ ਹੈ, ਉੱਥੇ ਹੀ ਪਾਕਿਸਤਾਨ ਵਿੱਚ ਵੱਸਦੇ ਸਿੱਖ ਵੀ ਕਰਤਾਰਪੁਰ ਸਾਹਿਬ ਵਾਲੇ ਪਾਸੇ ਅਰਦਾਸ ਕਰਨ, ਤਾਂ ਜੋ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ 'ਤੇ ਕਾਰੀਡੋਰ ਮੁੜ ਖੋਲ੍ਹਣ ਲਈ ਨੈਤਿਕ ਦਬਾਅ ਬਣੇ। ਉਨ੍ਹਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਕੌਰੀਡੋਰ ਖੋਲ੍ਹਣ ਲਈ ਸਮੁੱਚੇ ਪੰਥ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ। ਭਾਈ ਸਰਬਜੀਤ ਸਿੰਘ ਜੰਮੂ ਨੇ ਕਿਹਾ ਕਿ ਹਰ ਮਹੀਨੇ ਹੋਣ ਵਾਲੇ ਅਰਦਾਸ ਦਿਵਸ ਵਿੱਚ ਵੱਧ ਤੋਂ ਵੱਧ ਸਿੱਖ ਸੰਗਤਾਂ ਨੂੰ ਸ਼ਾਮਲ ਹੋ ਕੇ ਗੁਰੂ ਚਰਨਾਂ ਵਿੱਚ ਅਰਦਾਸ ਕਰਨੀ ਚਾਹੀਦੀ ਹੈ, ਤਾਂ ਜੋ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਮੁੜ ਸ਼ੁਰੂ ਹੋਣ।

ਇਸ ਮੌਕੇ ਸੁਖਜਿੰਦਰ ਸਿੰਘ ਮਜੀਠਾ, ਰਵਿੰਦਰ ਸਿੰਘ ਮਜੀਠਾ, ਪਰਮਜੀਤ ਸਿੰਘ ਪੰਮਾ ਪ੍ਰਧਾਨ ਭਾਈ ਰਜਵੰਤ ਸਿੰਘ ਮਹਿਲਾਂਵਾਲਾ, ਗੁਰਪ੍ਰੀਤ ਸਿੰਘ ਬਟਾਲਾ, ਡਾਕਟਰ ਤਰਲੋਚਨ ਸਿੰਘ ਵਡਾਲਾ, ਮਲਕੀਤ ਸਿੰਘ ਪੰਨੂ, ਮਨਜੋਤ ਸਿੰਘ ਪੁਰੇਵਾਲ, ਸਰਤਾਜਪ੍ਰੀਤ ਸਿੰਘ ਭੰਗੂ, ਹਰਦੀਪ ਸਿੰਘ ਸਰਪੰਚ, ਜਸਪਾਲ ਸਿੰਘ ਪੱਸ਼ੀਆ, ਸੁੱਚਾ ਸਿੰਘ ਜੱਟਾ, ਮੰਗਲ ਸਿੰਘ ਮਾਛੀਵਾਲਾ, ਗੁਰਬੀਰ ਸਿੰਘ ਦੁਧਰਾਏ, ਗੁਰਪ੍ਰੀਤ ਸਿੰਘ ਗੱਗੋਮਾਹਲ ,ਕੁਲਦੀਪ ਸਿੰਘ ਮਜੀਠਾ, ਜਥੇਦਾਰ ਦੀਦਾਰ ਸਿੰਘ ਚੌਧਰਪੁਰਾ, ਦਲਜੀਤ ਸਿੰਘ ਪਾਖਰਪੁਰਾ, ਮਨਬੀਰ ਸਿੰਘ ਦਾਬਾਂਵਾਲ, ਡਾ. ਤਰਲੋਚਨ ਸਿੰਘ ਵਡਾਲਾ, ਅਜ਼ਾਦ ਸਿੰਘ ਵੀਰਮ, ਨਿਸ਼ਾਨ ਸਿੰਘ , ਸਰਣਜੀਤ ਸਿੰਘ ਅਤੇ ਹੋਰ ਪੰਥਕ ਆਗੂ ਹਾਜ਼ਰ ਸਨ।

GILL INSURANCE AGENCY
Specialize in: CROP INSURANCE
We also Specialize in:
Hotel, Motel, Gas Station, Liquor Stores, Apartments, Any kind of Commercial Property
Nationwide Agribusiness
Thank you for making us the #1 farm insurance
We do 48 States


Avtar Singh Gill
Harry Singh Gill
- Largest crop insurance in Nation
- We work with 100+ admitted insurance carrier
Toll Free
1-800-348-2767
Harry Gill
(559) 352-9222 Cell
2452, West Tahoe Avenue, Caruthers, CA-93609



# ANTIM Ardas

*In Loving Memory of*

## SARDAR JASWINDER SINGH SANDHU

Secretary
Gurdwara Sahib, Stockton

“With heavy hearts, we inform the Sangat that the Secretary of Gurdwara Sahib, Stockton, Sardar Jaswinder Singh Sandhu, has sadly passed away.

He selflessly served Gurdwara Sahib in countless ways. The Sangat will always remember him as a cheerful, friendly, committed to the Panth, and honest sevadar.

### FUNERAL SERVICE

Saturday, July 18
9:00 AM – 11:00 AM
at **French Camp Funeral Home**

### SAHIJ PAATH BHOG

This will be followed by the Bhog of Sehaj Paath at **Gurdwara Sahib, Stockton.**

### CONDOLENCES

To share your condolences with the family, please call:

**209-234-2345**

*Let us keep him in our prayers and remember his seva and dedication to the Panth.*


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001
www.ghumanlawgroup.org
2450 VENTURE OAKS WAY, STE 225 SACRAMENTO, CA


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# 2027 ਦੀਆਂ ਚੋਣਾਂ ਲਈ ਸੱਤਾਧਾਰੀ 'ਆਪ' ਤੋਂ ਲੈ ਕੇ ਕਾਂਗਰਸ ਭਾਜਪਾ ਅਤੇ ਅਕਾਲੀ ਦਲ ਵੱਲੋਂ ਚੋਣ ਰਣਨੀਤੀ 'ਤੇ ਫੋਕਸ

**ਚੰਡੀਗੜ੍ਹ**
**ਸਾਂਝੀ ਸੋਚ ਬਿਊਰੋ**

ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਹਾਲੇ ਕਰੀਬ ਇੱਕ ਸਾਲ ਤੋਂ ਵੱਧ ਦਾ ਸਮਾਂ ਬਾਕੀ ਹੈ, ਪਰ ਸੂਬੇ ਦੀਆਂ ਮੁੱਖ ਸਿਆਸੀ ਪਾਰਟੀਆਂ ਨੇ ਹੁਣ ਤੋਂ ਹੀ ਆਪਣੀ ਚੋਣ ਤਿਆਰੀ ਤੇਜ਼ ਕਰ ਦਿੱਤੀ ਹੈ। ਸੱਤਾਧਾਰੀ ਆਮ ਆਦਮੀ ਪਾਰਟੀ (ਆਪ), ਕਾਂਗਰਸ, ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਸ਼੍ਰੋਮਣੀ ਅਕਾਲੀ ਦਲ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨਾਲ ਸਿੱਧਾ ਸੰਪਰਕ ਵਧਾਉਣ ਵਿਚ ਜੁਟੀਆਂ ਹੋਈਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਆਪਣੀਆਂ ਸਰਕਾਰੀ ਯੋਜਨਾਵਾਂ ਅਤੇ ਵਿਕਾਸ ਕਾਰਜਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਮੁਹਿੰਮ ਚਲਾ ਰਹੀ ਹੈ। ਪਾਰਟੀ ਦਾ ਦਾਅਵਾ ਹੈ ਕਿ ਸਿੱਖਿਆ, ਸਿਹਤ, ਭ੍ਰਿਸ਼ਟਾਚਾਰ ਵਿਰੋਧੀ ਕਾਰਵਾਈ ਅਤੇ ਲੋਕ ਭਲਾਈ ਦੇ ਫੈਸਲਿਆਂ ਦੇ ਆਧਾਰ 'ਤੇ ਉਹ ਦੁਬਾਰਾ ਜਨਤਾ ਦਾ ਭਰੋਸਾ ਹਾਸਲ ਕਰੇਗੀ। ਦੂਜੇ ਪਾਸੇ, ਕਾਂਗਰਸ ਅੰਦਰੂਨੀ ਮਤਭੇਦਾਂ ਨੂੰ ਦੂਰ ਕਰਕੇ ਸੰਗਠਨ ਨੂੰ ਇੱਕਜੁੱਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਦਿੱਲੀ ਵਿਚ ਲਗਾਤਾਰ ਮੀਟਿੰਗਾਂ ਰਾਹੀਂ ਹਾਈਕਮਾਂਡ ਪੰਜਾਬ ਇਕਾਈ ਨੂੰ



ਮਜ਼ਬੂਤ ਕਰਨ ਅਤੇ ਚੋਣਾਂ ਲਈ ਸਾਂਝੀ ਰਣਨੀਤੀ ਤਿਆਰ ਕਰਨ ਵਿਚ ਲੱਗੀ ਹੋਈ ਹੈ। ਭਾਜਪਾ ਵੀ ਪੰਜਾਬ ਵਿਚ ਆਪਣਾ ਆਧਾਰ ਵਧਾਉਣ ਲਈ ਸਰਗਰਮ ਹੈ। ਪਾਰਟੀ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਨਾਲ-ਨਾਲ ਨਵੇਂ ਆਗੂਆਂ ਨੂੰ ਜੋੜਨ ਅਤੇ ਸੰਗਠਨ ਦਾ ਵਿਸਥਾਰ ਕਰਨ 'ਤੇ ਧਿਆਨ ਦੇ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਭਾਵਿਤ ਪੰਜਾਬ ਦੌਰੇ ਨੂੰ ਵੀ ਭਾਜਪਾ ਆਪਣੀ ਸਿਆਸੀ ਮੁਹਿੰਮ ਲਈ ਅਹਿਮ ਮੰਨ ਰਹੀ ਹੈ।

ਉੱਧਰ, ਸ਼੍ਰੋਮਣੀ ਅਕਾਲੀ ਦਲ ਵੀ ਪਾਰਟੀ ਨੂੰ ਮੁੜ ਮਜ਼ਬੂਤ ਕਰਨ ਲਈ ਜ਼ਿਲ੍ਹਾ ਅਤੇ ਹਲਕਾ ਪੱਧਰ 'ਤੇ ਮੀਟਿੰਗਾਂ ਕਰ ਰਿਹਾ ਹੈ। ਅਕਾਲੀ ਦਲ ਪੰਥਕ ਅਤੇ ਕਿਸਾਨੀ ਮੁੱਦਿਆਂ ਨੂੰ ਕੇਂਦਰ ਵਿਚ ਰੱਖ ਕੇ ਆਪਣਾ ਜਨ ਅਧਾਰ ਮੁੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਮਹੀਨਿਆਂ ਵਿਚ ਪੰਜਾਬ ਦੀ ਸਿਆਸਤ ਹੋਰ ਗਰਮ ਹੋਵੇਗੀ। ਪਾਰਟੀਆਂ ਵੱਲੋਂ ਉਮੀਦਵਾਰਾਂ ਦੀ ਤਿਆਰੀ, ਲੋਕ ਸੰਪਰਕ ਮੁਹਿੰਮਾਂ, ਰੈਲੀਆਂ ਅਤੇ ਨਵੇਂ ਸਿਆਸੀ ਗੱਠਜੋੜਾਂ ਦੀਆਂ ਸੰਭਾਵਨਾਵਾਂ ਵੀ ਵਧਣਗੀਆਂ। ਇਸ ਕਰਕੇ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਬੁਨਿਆਦ ਹੁਣ ਤੋਂ ਹੀ ਰੱਖੀ ਜਾ ਰਹੀ ਹੈ ਅਤੇ ਅਗਲੇ ਕੁਝ ਮਹੀਨੇ ਪੰਜਾਬ ਦੀ ਰਾਜਨੀਤੀ ਲਈ ਕਾਫ਼ੀ ਅਹਿਮ ਸਾਬਤ ਹੋ ਸਕਦੇ ਹਨ।

# 12ਵੀਂ ਯੂਕੇ ਗੱਤਕਾ ਚੈਂਪੀਅਨਸ਼ਿਪ 'ਚੋਂ ਬਾਬਾ ਫਤਹਿ ਸਿੰਘ ਅਖਾੜਾ ਵੂਲਿਚ ਦਾ ਜੋਰਾ ਸਿੰਘ ਰਿਹਾ ਜੇਤੂ

**ਲੰਡਨ**
**ਸਾਂਝੀ ਸੋਚ ਬਿਊਰੋ**

ਸਿੰਘ ਸਭਾ ਲੰਡਨ ਈਸਟ ਗੁਰਦੁਆਰਾ ਅਤੇ ਖੇਡ ਕਲੱਬ ਦੇ ਸਹਿਯੋਗ ਨਾਲ ਯੂਕੇ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੇ ਯਤਨਾਂ ਸਦਕਾ 12ਵੀਂ ਯੂਕੇ ਗੱਤਕਾ ਚੈਂਪੀਅਨਸ਼ਿਪ ਕਰਵਾਈ ਗਈ। ਇਲਫੋਰਡ ਵਿਖੇ ਆਯੋਜਿਤ ਇਸ ਚੈਂਪੀਅਨਸ਼ਿਪ ਦੌਰਾਨ ਵਾਰਿੰਗਟਨ, ਕਵੈਂਟਰੀ, ਡਰਬੀ, ਲੇਟਨ, ਗੁੱਡਮੇਅਜ਼, ਗ੍ਰੇਵਜ਼ੈਂਡ, ਵੂਲਿਚ ਅਤੇ ਬੋਅ ਸ਼ਹਿਰਾਂ ਤੋਂ ਪਹੁੰਚੇ 9 ਗੱਤਕਾ ਅਖਾੜਿਆਂ ਦੇ ਸਿੱਖ ਨੌਜਵਾਨਾਂ ਅਤੇ ਬੀਬੀਆਂ ਨੇ ਖਾਲਸਾਈ ਪ੍ਰੰਪਰਾਵਾਂ ਮੁਤਾਬਿਕ ਜੌਹਰ ਵਿਖਾਏ। ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਅਰਦਾਸ ਤੋਂ ਉਪਰੰਤ ਢੇਸੀ ਸਮੇਤ ਪ੍ਰਬੰਧਕਾਂ ਨੇ ਗੱਤਕਾ ਮੁਕਾਬਲਿਆਂ ਦੀ ਸ਼ੁਰੂਆਤ ਕਰਵਾਈ। ਢੇਸੀ ਨੇ ਦੱਸਿਆ ਕਿ ਇਹਨਾਂ ਸਲਾਨਾ ਮੁਕਾਬਲਿਆਂ ਦੌਰਾਨ ਗੱਤਕਾ ਖੇਡ ਦੇ ਵੱਖ-ਵੱਖ ਉਮਰ ਦੇ ਬੱਚਿਆਂ, ਬੀਬੀਆਂ ਅਤੇ ਮਰਦਾਂ ਦੇ ਜੰਗਜੂ ਮੁਕਾਬਲੇ ਕਰਵਾਏ ਗਏ। ਇੰਨਾ ਵਿੱਚੋਂ 18 ਸਾਲ ਤੋਂ ਵੱਧ ਉਮਰ ਦੇ ਲੜਕਿਆਂ ਦੇ ਮੁਕਾਬਲਿਆਂ 'ਚੋਂ ਜੋਰਾ ਸਿੰਘ ਬਾਬਾ ਫਤਹਿ ਸਿੰਘ ਅਖਾੜਾ ਵੂਲਿਚ ਜੇਤੂ ਰਿਹਾ ਜਦਕਿ ਗੁਰਦੀਪ ਸਿੰਘ ਦਮਦਮੀ ਟਕਸਾਲ ਅਖਾੜਾ ਡਰਬੀ ਦੂਜੇ ਸਥਾਨ 'ਤੇ ਰਿਹਾ। ਬੀਬੀਆਂ 'ਚੋਂ ਦਮਦਮੀ ਟਕਸਾਲ ਅਖਾੜਾ ਡਰਬੀ ਦੀ ਕਮਲਪ੍ਰੀਤ ਕੌਰ ਪਹਿਲੇ ਅਤੇ ਕਰਮਜੀਤ ਕੌਰ ਦੂਜੇ ਸਥਾਨ 'ਤੇ ਰਹੀ। 18 ਤੋਂ ਸਾਲ ਦੇ ਲੜਕਿਆਂ ਦੇ ਮੁਕਾਬਲਿਆਂ ਵਿੱਚੋਂ ਦਮਦਮੀ ਟਕਸਾਲ ਦਾ ਹਰਸ਼ਦੀਪ ਸਿੰਘ ਪਹਿਲੇ ਅਤੇ ਜਸਕੀਰਤ ਸਿੰਘ ਦੂਜੇ ਸਥਾਨ ਤੇ ਜਦਕਿ ਇਸੇ ਉਮਰ ਵਰਗ ਵਿੱਚ ਲੜਕੀਆਂ 'ਚੋਂ ਗੁਰਸੁਖਮਨ ਕੌਰ ਅਕਾਲੀ ਫੂਲਾ ਸਿੰਘ ਅਖਾੜਾ ਪਹਿਲੇ ਅਤੇ ਹਰਲੀਨ ਕੌਰ ਦਮਦਮੀ ਟਕਸਾਲ ਅਖਾੜਾ ਦੂਜੇ ਸਥਾਨ 'ਤੇ, 14 ਸਾਲ ਤੋਂ ਘੱਟ ਉਮਰ ਵਰਗ ਦੇ ਮੁਕਾਬਲੇ 'ਚੋਂ ਦਮਦਮੀ ਟਕਸਾਲ ਅਖਾੜੇ ਦੇ



ਯੁਵਰਾਜ ਸਿੰਘ ਪਹਿਲੇ ਅਤੇ ਰਬਜੋਤ ਸਿੰਘ ਦੂਜੇ ਸਥਾਨ ਤੇ ਜਦਕਿ ਲੜਕੀਆਂ ਚੋਂ ਅਕਾਲੀ ਫੂਲਾ ਸਿੰਘ ਅਖਾੜਾ ਕਵੈਂਟਰੀ ਦੀ ਮਨਰੂਪ ਕੌਰ ਪਹਿਲੇ ਅਤੇ ਅਕਾਲੀ ਬਾਬਾ ਅਜੀਤ ਸਿੰਘ ਅਖਾੜਾ ਵਾਰਿੰਗਟਨ ਦੀ ਨਕੀਤਾ ਕੌਰ ਦੂਜੇ ਸਥਾਨ ਤੇ ਰਹੀ। ਇਸ ਮੌਕੇ ਬੋਲਦਿਆਂ ਗੱਤਕਾ ਫੈਡਰੇਸ਼ਨ ਯੂਕੇ ਦੇ ਪ੍ਰਧਾਨ ਐਮਪੀ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸੰਗਤਾਂ ਦੇ ਸਹਿਯੋਗ ਹਰ ਸਾਲ ਗੱਤਕਾ ਚੈਂਪੀਅਨਸ਼ਿਪ ਕਰਵਾਈ ਜਾਂਦੀ ਹੈ। ਉਹਨਾਂ ਇਸ ਚੈਂਪੀਅਨਸ਼ਿਪ ਦੇ ਆਯੋਜਨ ਲਈ ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਬਾਰਕਿੰਗ ਅਤੇ ਸੈਵਨਕਿੰਗਜ਼, ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਦੇ ਸੇਵਾਦਾਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਰਤਾਨੀਆ ਵਿੱਚ ਗੱਤਕਾ ਕਲਾ ਅਤੇ ਸ਼ਸਤਰ ਵਿੱਦਿਆ ਨੂੰ ਹੋਰ ਪ੍ਰਫੁਲਤ ਕਰਨ ਅਤੇ ਬੱਚਿਆਂ ਨੂੰ ਇਸ ਖੇਡ ਨਾਲ ਜੋੜਨ ਲਈ ਯੂਕੇ ਗੱਤਕਾ ਫੈਡਰੇਸ਼ਨ ਪੂਰੇ ਯਤਨ ਕਰ ਰਹੀ ਹਾਂ ਤਾਂ ਕਿ ਨੌਜਵਾਨ ਪੀੜੀ ਸਿੱਖ ਸਵੈ ਰੱਖਿਆ ਦੇ ਨਾਲ-ਨਾਲ ਸਿੱਖੀ ਪ੍ਰੰਪਰਾਵਾਂ ਅਤੇ ਸ਼ਸਤਰ ਵਿਦਿਆ ਦੇ ਹੁਨਰ ਨੂੰ ਅਪਣਾ ਸਕੇ। ਉਹਨਾਂ ਯੂਕੇ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਮਨ ਸਿੰਘ ਜੌਹਲ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਤਨਾਮ ਸਿੰਘ ਸੰਧੂ, ਗੁਰਦੀਪ ਸਿੰਘ ਹੁੰਦਲ, ਖੇਡ ਕਲੱਬ ਦੇ ਪਿੰਦਰ ਸਿੰਘ ਭਰੋਲੀ, ਲਹਿੰਬਰ ਸਿੰਘ ਲੱਧੜ, ਅਜਮੇਰ ਸਿੰਘ ਮੇਲਾ, ਮੇਜਰ ਸਿੰਘ ਬਾਸੀ, ਮਨਦੀਪ ਸਿੰਘ ਬੜਿੰਗ, ਮਨਜਿੰਦਰ ਸਿੰਘ ਬੜਿੰਗ, ਰਾਣਾ ਪੱਡਾ, ਜਸਪਾਲ ਸਿੰਘ ਢੇਸੀ, ਮਨਜੀਤ ਸਿੰਘ ਸ਼ਾਲਾਪੁਰੀ, ਸਾਹਿਬ ਸਿੰਘ ਢੇਸੀ, ਨਿਸ਼ਾਨ ਸਿੰਘ ਸਲੋਹ, ਜਗਬੀਰ ਸਿੰਘ ਜੱਗਾ ਚਕਰ, ਜਸਬੀਰ ਸਿੰਘ ਢੇਸੀ, ਹਰਨੇਕ ਸਿੰਘ ਨੇਕਾ ਮੈਰੀਪੁਰ, ਸੁਖਦੇਵ ਸਿੰਘ ਸਿੱਧੂ, ਪ੍ਰਮਜੀਤ ਸਿੰਘ ਛੋਕਰ, ਕੁਲਵਿੰਦਰ ਸਿੰਘ ਸਹੋਤਾ, ਰਸ਼ਪਾਲ ਸਿੰਘ ਪਾਲਾ ਸਹੋਤਾ ਜੀਐਨਜੀ ਕਬੱਡੀ ਕਲੱਬ ਗ੍ਰੇਵਜ਼ੈਂਡ, ਡਾ: ਚਾਨਣ ਸਿੰਘ ਸਿੱਧੂ, ਜਸਬੀਰ ਸਿੰਘ ਸ਼ੇਰਗਿੱਲ, ਗੁਰਪ੍ਰੀਤ ਸਿੰਘ ਟੁੱਟ, ਕੁਲਦੀਪ ਸਿੰਘ ਰਾਏ, ਜੈਜ਼ ਸਿੰਘ ਸਿੱਧੂ, ਬਿੰਦਰ ਪੁਆਦੜਾ, ਜਸ ਬਾਠ, ਬੂਟਾ ਸਿੰਘ ਨਿੱਝਰ, ਹਰਜਿੰਦਰ ਸਿੰਘ ਜੌਹਲ, ਦਵਿੰਦਰ ਸਿੰਘ ਪਤਾਰਾ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਮਪੀ ਜਸ ਅਠਵਾਲ, ਰਾਣਾ ਪੱਡਾ, ਸੁਰਿੰਦਰ ਸਿੰਘ ਮਾਣਕ, ਸੋਖਾ ਢੇਸੀ, ਸੁਰਜੀਤ ਸਿੰਘ ਘੁੰਮਣ 'ਪੰਜਾਬ ਰੇਡੀਓ' ਅਤੇ ਪੰਜਾਬ ਟੀਵੀ, ਮਨਪ੍ਰੀਤ ਸਿੰਘ ਬੱਧਨੀ ਕਲਾਂ ਅਜੀਤ ਅਤੇ ਪੰਜਾਬ ਟਾਈਮਜ਼, ਅਮਨਜੀਤ ਸਿੰਘ ਖਹਿਰਾ ਜਨ ਸ਼ਕਤੀ, ਸੁਖਦੇਵ ਸਿੰਘ ਅਤੇ ਪਾਲ ਸਿੰਘ ਝੱਲੀ ਅਕਾਲ ਚੈਨਲ, ਹਰਵਿੰਦਰ ਸਿੰਘ ਸਿੱਖ ਚੈਨਲ, ਅਨਮੋਲ ਕੌਰ ਜੀਟੀਸੀ, ਪ੍ਰਭਜੋਤ ਸਿੰਘ ਪੀਟੀਸੀ ਆਦਿ ਵੀ ਉਚੇਚੇ ਤੌਰ ਤੇ ਪਹੁੰਚੇ।

# ਰੋਹਿੰਗਿਆ ਸ਼ਰਨਾਰਥੀਆਂ ਨੂੰ ਲੈ ਕੇ ਜਾ ਰਹੀਆਂ ਦੋ ਕਿਸ਼ਤੀਆਂ ਪਲਟੀਆਂ, 500 ਤੋਂ ਵੱਧ ਮੌਤਾਂ ਦਾ ਖਦਸ਼ਾ

**ਮਿਆਂਮਾਰ**
**ਸਾਂਝੀ ਸੋਚ ਬਿਊਰੋ**

ਮਿਆਂਮਾਰ ਦੇ ਤੱਟ ਨੇੜੇ ਬੰਗਾਲ ਦੀ ਖਾੜੀ ਵਿੱਚ ਰੋਹਿੰਗਿਆ ਸ਼ਰਨਾਰਥੀਆਂ ਨੂੰ ਲੈ ਕੇ ਜਾ ਰਹੀਆਂ ਦੋ ਕਿਸ਼ਤੀਆਂ ਪਲਟ ਗਈਆਂ, ਜਿਸ ਤੋਂ ਬਾਅਦ 500 ਤੋਂ ਵੱਧ ਲੋਕਾਂ ਦੀ ਮੌਤ ਹੋਣ ਦਾ ਖ਼ਦਸ਼ਾ ਹੈ। ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ ਅਤੇ ਯੂਨਾਈਟਿਡ ਨੇਸ਼ਨਜ਼ ਹਾਈ ਕਮਿਸ਼ਨਰ ਫਾਰ ਰਿਫਿਊਜੀਜ਼ ਦੇ ਬਿਆਨ ਮੁਤਾਬਕ, ਸ਼ੁਰੂਆਤੀ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਜੂਨ ਦੇ ਅਖੀਰ ਵਿੱਚ ਮਿਆਂਮਾਰ ਦੇ ਪੱਛਮੀ ਰਾਜ ਰਖਾਈਨ ਤੋਂ ਦੋ ਕਿਸ਼ਤੀਆਂ ਰਵਾਨਾ ਹੋਈਆਂ ਸਨ।

ਇਨ੍ਹਾਂ ਵਿੱਚ ਜ਼ਿਆਦਾਤਰ ਰੋਹਿੰਗਿਆ ਯਾਤਰੀ ਸਵਾਰ ਸਨ ਅਤੇ ਕੁਝ ਅਜਿਹੇ ਲੋਕ ਵੀ ਸ਼ਾਮਲ ਸਨ ਜੋ ਬੰਗਲਾਦੇਸ਼ ਵਿੱਚ ਮੌਜੂਦ ਰਿਫਿਊਜੀ ਕੈਂਪਾਂ ਤੋਂ ਆਏ ਸਨ। ਏਜੰਸੀਆਂ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ, "ਘਟਨਾਵਾਂ ਅਤੇ ਮਰਨ ਵਾਲਿਆਂ ਦੀ ਗਿਣਤੀ ਦੀ ਅਜੇ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ, ਪਰ ਯੂ.ਐੱਨ.ਐੱਚ.ਸੀ.ਆਰ ਅਤੇ ਆਈ.ਓ.ਐੱਮ ਸੰਭਾਵਿਤ ਤੌਰ 'ਤੇ ਵੱਡੇ ਜਾਨੀ-ਮਾਲੀ ਨੁਕਸਾਨ ਨੂੰ ਲੈ ਕੇ ਬੇਹੱਦ ਚਿੰਤਤ ਹਨ।" ਯੂਐੱਨਐੱਚਸੀਆਰ ਅਤੇ ਆਈਓਐੱਮ ਦੇ ਅਨੁਸਾਰ, ਦੋਵੇਂ ਬੇੜੀਆਂ ਜੂਨ ਦੇ ਅਖੀਰ ਵਿੱਚ ਮਿਆਂਮਾਰ ਦੇ ਰਖਾਈਨ ਸੂਬੇ ਤੋਂ ਰਵਾਨਾ ਹੋਈਆਂ ਸਨ। ਇਨ੍ਹਾਂ ਵਿੱਚੋਂ ਬਹੁਤੇ ਯਾਤਰੀ ਰੋਹਿੰਗਿਆ ਭਾਈਚਾਰੇ ਦੇ ਸਨ। ਪਹਿਲੀ ਬੇੜੀ ਦਾ ਸੰਪਰਕ ਰਵਾਨਾ ਹੋਣ ਦੇ ਕੁਝ ਸਮੇਂ ਬਾਅਦ ਹੀ ਟੁੱਟ ਗਿਆ ਸੀ। ਇਸ ਵਿੱਚ ਕਰੀਬ 250 ਲੋਕ ਸਵਾਰ ਸਨ। ਦੂਜੀ ਵਿੱਚ ਲਗਭਗ 280 ਲੋਕ ਸਨ ਅਤੇ ਇਸ ਦੇ 8 ਜੁਲਾਈ ਨੂੰ ਮਿਆਂਮਾਰ ਦੇ ਅਯੇਯਾਰਵਾਡੀ ਤੱਟ ਦੇ ਨੇੜੇ ਡੁੱਬਣ ਦਾ ਖ਼ਦਸ਼ਾ ਹੈ।

# ਨਿਊਜ਼ੀਲੈਂਡ 'ਚ 6.3 ਤੀਬਰਤਾ ਦਾ ਸ਼ਕਤੀਸ਼ਾਲੀ ਭੂਚਾਲ ਸੁਨਾਮੀ ਦੀ ਚੇਤਾਵਨੀ ਜਾਰੀ


**ਆਕਲੈਂਡ**
**ਸਾਂਝੀ ਸੋਚ ਬਿਊਰੋ**

ਨਿਊਜ਼ੀਲੈਂਡ ਦੇ ਸਾਊਥ ਆਈਲੈਂਡ 'ਚ ਵੀਰਵਾਰ ਨੂੰ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਰਿਕਟਰ ਸਕੇਲ 'ਤੇ ਭੂਚਾਲ ਦੀ ਤੀਬਰਤਾ 6.3 ਅੰਕ ਮਾਪੀ ਗਈ। ਅਧਿਕਾਰੀਆਂ ਨੇ ਸੁਨਾਮੀ ਦੀ ਚੇਤਾਵਨੀ ਜਾਰੀ ਕੀਤੀ ਹੈ। ਜਾਣਕਾਰੀ ਮੁਤਾਬਕ ਭੂਚਾਲ ਦਾ ਕੇਂਦਰ ਅਨਾਉ ਸ਼ਹਿਰ ਤੋਂ ਲਗਭਗ 25 ਮੀਲ (40 ਕਿਲੋਮੀਟਰ) ਉੱਤਰ ਵਿਚ ਸੀ। ਜਰਮਨ ਰਿਸਰਚ ਸੈਂਟਰ ਫਾਰ ਜੀਓਸਾਇੰਸਿਜ਼ ਦੇ ਅਨੁਸਾਰ ਭੂਚਾਲ ਸਤ੍ਹਾ ਤੋਂ 33 ਮੀਲ ਹੇਠਾਂ ਆਇਆ ਅਤੇ ਇਸ ਨੇ ਨਿਊਜ਼ੀਲੈਂਡ ਦੇ ਦੱਖਣੀ ਟਾਪੂ ਨੂੰ ਪ੍ਰਭਾਵਿਤ ਕੀਤਾ।

ਨਿਊਜ਼ੀਲੈਂਡ ਦੀ ਨੈਸ਼ਨਲ ਐਮਰਜੈਂਸੀ ਮੈਨੇਜਮੈਂਟ ਏਜੰਸੀ (ਐੱਨ.ਈ.ਐੱਮ.ਏ.) ਅਨੁਸਾਰ, ਭੂਚਾਲ ਦਾ ਕੇਂਦਰ ਤੇ ਅਨਾਊ ਤੋਂ ਲਗਭਗ 40 ਕਿਲੋਮੀਟਰ ਉੱਤਰ ਵੱਲ ਸੀ। ਸੁਨਾਮੀ ਦੀ ਚੇਤਾਵਨੀ ਦੱਖਣੀ ਟਾਪੂ ਦੇ ਪੱਛਮੀ ਤੱਟ, ਖਾਸ ਕਰਕੇ ਮਿਲਫੋਰਡ ਸਾਊਂਡ ਤੋਂ ਪੁਇਸੇਗੁਰ ਪੁਆਇੰਟ ਤੱਕ ਦੇ ਖੇਤਰਾਂ ਲਈ ਜਾਰੀ ਕੀਤੀ ਗਈ ਹੈ। ਪ੍ਰਸ਼ਾਸਨ ਨੇ ਤੱਟਵਰਤੀ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਤੁਰੰਤ ਉੱਚੇ ਸਥਾਨਾਂ ਜਾਂ ਅੰਦਰੂਨੀ ਇਲਾਕਿਆਂ ਵੱਲ ਜਾਣ ਦੀ ਅਪੀਲ ਕੀਤੀ ਹੈ। ਏਜੰਸੀ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਨਿਕਾਸੀ ਲਈ ਵਾਹਨਾਂ ਦੀ ਵਰਤੋਂ ਕਰਨ ਦੀ ਬਜਾਏ ਪੈਦਲ, ਦੌੜ ਕੇ ਜਾਂ ਸਾਈਕਲ ਰਾਹੀਂ ਸੁਰੱਖਿਅਤ ਥਾਵਾਂ 'ਤੇ ਪਹੁੰਚਣ, ਤਾਂ ਜੋ ਟ੍ਰੈਫਿਕ ਜਾਮ ਵਿਚ ਫਸਣ ਤੋਂ ਬਚਿਆ ਜਾ ਸਕੇ। ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਭਾਵੇਂ ਕੁਝ ਇਲਾਕਿਆਂ ਵਿਚ ਭੂਚਾਲ ਦੇ ਝਟਕੇ ਮਹਿਸੂਸ ਨਾ ਹੋਏ ਹੋਣ, ਫਿਰ ਵੀ ਸੁਨਾਮੀ ਦਾ ਖਤਰਾ ਹੋ ਸਕਦਾ ਹੈ। ਨਿਊਜ਼ੀਲੈਂਡ ਆਸਟ੍ਰੇਲੀਆਈ ਅਤੇ ਪ੍ਰਸ਼ਾਂਤ ਟੈਕਟੋਨਿਕ ਪਲੇਟਾਂ ਦੀ ਸਰਹੱਦ 'ਤੇ ਸਥਿਤ ਹੈ, ਜਿਸ ਕਾਰਨ ਇਹ ਦੁਨੀਆਂ ਦੇ ਸਭ ਤੋਂ ਵੱਧ ਭੂਚਾਲ ਪ੍ਰਭਾਵਿਤ ਦੇਸ਼ਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ।


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Pal Films
Production
All Your Photo/Videography &
Post Production needs Under One Roof
RED PRO
5.0
RED
PF
10-300 mm
ZOOM LENS
1:2.8
IS
USM
LENS MADE IN JAPAN
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਜਦੋਂ ਮਿਡ-ਡੇ ਮੀਲ ਦੀ ਥਾਲੀ ਵਿੱਚ 'ਸ਼ੁੱਧਤਾ' ਦੀ ਬਹਿਸ ਦਾਖ਼ਲ ਹੁੰਦੀ ਹੈ

ਸਕੂਲਾਂ ਵਿੱਚ ਦਿੱਤਾ ਜਾਣ ਵਾਲਾ ਮਿਡ-ਡੇ ਮੀਲ (ਹੁਣ ਪੀਐਮ ਪੋਸ਼ਣ ਯੋਜਨਾ) ਸਿਰਫ਼ ਬੱਚਿਆਂ ਦਾ ਪੇਟ ਭਰਨ ਦੀ ਯੋਜਨਾ ਨਹੀਂ, ਸਗੋਂ ਸਮਾਜਿਕ ਬਰਾਬਰੀ, ਭਾਈਚਾਰੇ ਅਤੇ ਸਾਂਝੀਵਾਲਤਾ ਦਾ ਇੱਕ ਮਹੱਤਵਪੂਰਨ ਪ੍ਰਯਾਸ ਹੈ। ਇਸ ਯੋਜਨਾ ਦਾ ਉਦੇਸ਼ ਬੱਚਿਆਂ ਨੂੰ ਪੌਸ਼ਟਿਕ ਭੋਜਨ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਇੱਕੋ ਕਤਾਰ ਵਿੱਚ ਬੈਠ ਕੇ ਭੋਜਨ ਕਰਨ ਦੀ ਆਦਤ ਪਾਉਣਾ ਹੈ, ਤਾਂ ਜੋ ਜਾਤ, ਧਰਮ, ਵਰਗ ਅਤੇ ਆਰਥਿਕ ਅੰਤਰਾਂ ਦੀਆਂ ਕੰਧਾਂ ਹੌਲੀ-ਹੌਲੀ ਕਮਜ਼ੋਰ ਹੋਣ।

ਪਰ ਜਦੋਂ ਮਿਡ-ਡੇ ਮੀਲ ਦੀ ਥਾਲੀ ਵਿੱਚ "ਸ਼ੁੱਧਤਾ" ਜਾਂ "ਪਵਿੱਤਰਤਾ" ਵਰਗੇ ਵਿਚਾਰ ਦਾਖ਼ਲ ਹੋ ਜਾਂਦੇ ਹਨ, ਤਾਂ ਇਹ ਸਿਰਫ਼ ਭੋਜਨ ਦਾ ਨਹੀਂ, ਸਗੋਂ ਸਮਾਜਿਕ ਸੋਚ ਦਾ ਵੀ ਵਿਸ਼ਾ ਬਣ ਜਾਂਦਾ ਹੈ। ਅਜਿਹੇ ਸਮੇਂ ਇਹ ਸੋਚਣ ਦੀ ਲੋੜ ਹੈ ਕਿ ਕੀ ਭੋਜਨ ਦਾ ਮਕਸਦ ਵੰਡਣਾ ਹੈ ਜਾਂ ਜੋੜਨਾ?

**ਮਿਡ-ਡੇ ਮੀਲ ਦਾ ਅਸਲ ਮਕਸਦ**

ਭਾਰਤ ਵਿੱਚ ਮਿਡ-ਡੇ ਮੀਲ ਯੋਜਨਾ ਦੀ ਸ਼ੁਰੂਆਤ ਬੱਚਿਆਂ ਵਿੱਚ ਕੁਪੋਸ਼ਣ ਘਟਾਉਣ, ਸਕੂਲਾਂ ਵਿੱਚ ਹਾਜ਼ਰੀ ਵਧਾਉਣ ਅਤੇ ਪੜ੍ਹਾਈ ਛੱਡਣ ਦੀ ਦਰ ਘਟਾਉਣ ਲਈ ਕੀਤੀ ਗਈ ਸੀ। ਪਰ ਇਸ ਯੋਜਨਾ ਦਾ ਇੱਕ ਹੋਰ ਮਹੱਤਵਪੂਰਨ ਉਦੇਸ਼ ਸੀ ਬੱਚਿਆਂ ਵਿੱਚ ਸਮਾਨਤਾ ਅਤੇ ਸਮਾਜਿਕ ਸਦਭਾਵਨਾ ਦਾ ਵਿਕਾਸ ਕਰਨਾ।

ਜਦੋਂ ਵੱਖ-ਵੱਖ ਪਿਛੋਕੜਾਂ ਤੋਂ ਆਏ ਬੱਚੇ ਇੱਕੋ ਥਾਂ ਬੈਠ ਕੇ ਇੱਕੋ ਜਿਹਾ ਭੋਜਨ ਖਾਂਦੇ ਹਨ, ਤਾਂ ਉਹ ਸਿਰਫ਼ ਰੋਟੀ ਨਹੀਂ ਸਾਂਝੀ ਕਰਦੇ, ਸਗੋਂ ਆਪਸੀ ਸਤਿਕਾਰ, ਦੋਸਤੀ ਅਤੇ ਭਾਈਚਾਰੇ ਦੀ ਭਾਵਨਾ ਵੀ ਵਿਕਸਿਤ ਕਰਦੇ ਹਨ।

**'ਸ਼ੁੱਧਤਾ' ਦਾ ਅਰਥ ਕੀ ਹੈ?**

'ਸ਼ੁੱਧਤਾ' ਦਾ ਅਰਥ ਹਰ ਵਿਅਕਤੀ ਲਈ ਇੱਕੋ ਜਿਹਾ ਨਹੀਂ ਹੁੰਦਾ। ਸਿਹਤ ਦੇ ਨਜ਼ਰੀਏ ਨਾਲ ਸ਼ੁੱਧਤਾ ਦਾ ਮਤਲਬ ਹੈ ਕਿ ਭੋਜਨ ਸਾਫ਼-ਸੁਥਰਾ, ਪੌਸ਼ਟਿਕ ਅਤੇ ਸੁਰੱਖਿਅਤ ਹੋਵੇ। ਇਹ ਹਰ ਬੱਚੇ ਦਾ ਅਧਿਕਾਰ ਹੈ।

ਪਰ ਕਈ ਵਾਰ ਸ਼ੁੱਧਤਾ ਨੂੰ ਜਾਤੀ, ਧਾਰਮਿਕ ਜਾਂ ਸਮਾਜਿਕ ਧਾਰਣਾਵਾਂ ਨਾਲ ਜੋੜ ਦਿੱਤਾ ਜਾਂਦਾ ਹੈ। ਜਦੋਂ ਇਹ ਧਾਰਣਾਵਾਂ ਸਕੂਲਾਂ ਵਿੱਚ ਬੱਚਿਆਂ ਦੇ ਸਾਂਝੇ ਭੋਜਨ ਨੂੰ ਪ੍ਰਭਾਵਿਤ ਕਰਦੀਆਂ ਹਨ, ਤਾਂ ਸਮਾਨਤਾ ਅਤੇ ਸਮਾਜਿਕ ਏਕਤਾ ਨੂੰ ਝਟਕਾ ਲੱਗ ਸਕਦਾ ਹੈ।

**ਵਿਭਿੰਨਤਾ ਦਾ ਸਤਿਕਾਰ ਅਤੇ ਸਮਾਨਤਾ**

ਭਾਰਤ ਵਿਭਿੰਨ ਸਭਿਆਚਾਰਾਂ, ਧਰਮਾਂ ਅਤੇ ਖਾਣ-ਪੀਣ ਦੀਆਂ ਪਰੰਪਰਾਵਾਂ ਵਾਲਾ ਦੇਸ਼ ਹੈ। ਹਰ ਪਰਿਵਾਰ ਦੀਆਂ ਆਪਣੀਆਂ ਰਵਾਇਤਾਂ ਅਤੇ ਵਿਸ਼ਵਾਸ ਹੋ ਸਕਦੇ ਹਨ। ਇਨ੍ਹਾਂ ਦਾ ਸਤਿਕਾਰ ਕਰਨਾ ਜ਼ਰੂਰੀ ਹੈ।

ਪਰ ਸਕੂਲ ਇੱਕ ਅਜਿਹੀ ਥਾਂ ਹੈ ਜਿੱਥੇ ਬੱਚੇ ਸਭ ਤੋਂ ਪਹਿਲਾਂ ਇਹ ਸਿੱਖਦੇ ਹਨ ਕਿ ਹਰ ਮਨੁੱਖ ਬਰਾਬਰ ਹੈ। ਇਸ ਲਈ ਸਕੂਲਾਂ ਵਿੱਚ ਅਜਿਹਾ ਮਾਹੌਲ ਬਣਾਇਆ ਜਾਣਾ ਚਾਹੀਦਾ ਹੈ ਜਿੱਥੇ ਕਿਸੇ ਵੀ ਬੱਚੇ ਨੂੰ ਉਸ ਦੀ ਜਾਤ, ਧਰਮ ਜਾਂ ਪਿਛੋਕੜ ਦੇ ਆਧਾਰ 'ਤੇ ਵੱਖਰਾ ਮਹਿਸੂਸ ਨਾ ਕਰਾਇਆ ਜਾਵੇ।

**ਪੌਸ਼ਟਿਕਤਾ ਸਭ ਤੋਂ ਵੱਡੀ ਤਰਜੀਹ**

ਦੇਸ਼ ਦੇ ਲੱਖਾਂ ਬੱਚਿਆਂ ਲਈ ਮਿਡ-ਡੇ ਮੀਲ ਦਿਨ ਦਾ ਸਭ ਤੋਂ ਮਹੱਤਵਪੂਰਨ ਭੋਜਨ ਹੁੰਦਾ ਹੈ। ਇਸ ਲਈ ਇਸ ਯੋਜਨਾ ਦਾ ਕੇਂਦਰ ਹਮੇਸ਼ਾਂ ਪੌਸ਼ਟਿਕਤਾ, ਸਫ਼ਾਈ ਅਤੇ ਗੁਣਵੱਤਾ ਹੋਣਾ ਚਾਹੀਦਾ ਹੈ।

ਜੇਕਰ ਬੱਚੇ ਪੌਸ਼ਟਿਕ ਭੋਜਨ ਪ੍ਰਾਪਤ ਕਰਨਗੇ, ਤਾਂ ਉਨ੍ਹਾਂ ਦੀ ਸਿਹਤ ਬਿਹਤਰ ਹੋਵੇਗੀ, ਉਹ ਪੜ੍ਹਾਈ ਵਿੱਚ ਵਧੇਰੇ ਧਿਆਨ ਦੇ ਸਕਣਗੇ ਅਤੇ ਸਕੂਲਾਂ ਵਿੱਚ ਉਨ੍ਹਾਂ ਦੀ ਹਾਜ਼ਰੀ ਵੀ ਵਧੇਗੀ।

**ਸਕੂਲਾਂ ਅਤੇ ਸਮਾਜ ਦੀ ਜ਼ਿੰਮੇਵਾਰੀ**

ਅਧਿਆਪਕਾਂ, ਮਾਪਿਆਂ ਅਤੇ ਸਮਾਜ ਦੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਵਿੱਚ ਆਪਸੀ ਸਤਿਕਾਰ, ਸਹਿਣਸ਼ੀਲਤਾ ਅਤੇ ਸਮਾਨਤਾ ਦੀ ਭਾਵਨਾ ਵਿਕਸਿਤ ਕਰਨ। ਬੱਚਿਆਂ ਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਇੱਕੋ ਥਾਲੀ ਦਾ ਭੋਜਨ ਸਾਂਝਾ ਕਰਨਾ ਸਮਾਜਿਕ ਏਕਤਾ ਦਾ ਪ੍ਰਤੀਕ ਹੈ।

ਇਸ ਦੇ ਨਾਲ-ਨਾਲ ਸਕੂਲਾਂ ਨੂੰ ਭੋਜਨ ਬਣਾਉਣ, ਸੰਭਾਲਣ ਅਤੇ ਪਰੋਸਣ ਵਿੱਚ ਉੱਚ ਪੱਧਰੀ ਸਫ਼ਾਈ ਅਤੇ ਸੁਰੱਖਿਆ ਦੇ ਮਾਪਦੰਡਾਂ ਦੀ ਪਾਲਣਾ ਯਕੀਨੀ ਬਣਾਉਣੀ ਚਾਹੀਦੀ ਹੈ।

**ਅੱਗੇ ਦਾ ਰਾਹ**

ਮਿਡ-ਡੇ ਮੀਲ ਯੋਜਨਾ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਪੌਸ਼ਟਿਕ ਭੋਜਨ, ਸਫ਼ਾਈ, ਪਾਰਦਰਸ਼ਤਾ ਅਤੇ ਨਿਯਮਿਤ ਨਿਗਰਾਨੀ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਇਸ ਦੇ ਨਾਲ ਹੀ ਸਕੂਲਾਂ ਨੂੰ ਬੱਚਿਆਂ ਵਿੱਚ ਸਮਾਨਤਾ, ਸਾਂਝੀਵਾਲਤਾ ਅਤੇ ਆਪਸੀ ਸਤਿਕਾਰ ਦੀਆਂ ਕਦਰਾਂ-ਕੀਮਤਾਂ ਨੂੰ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ।

**ਸਿੱਟਾ**

ਮਿਡ-ਡੇ ਮੀਲ ਸਿਰਫ਼ ਇੱਕ ਸਰਕਾਰੀ ਯੋਜਨਾ ਨਹੀਂ, ਸਗੋਂ ਇੱਕ ਅਜਿਹਾ ਸਮਾਜਿਕ ਅਭਿਆਨ ਹੈ ਜੋ ਬੱਚਿਆਂ ਨੂੰ ਪੌਸ਼ਟਿਕ ਭੋਜਨ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਇਕੱਠੇ ਰਹਿਣ ਅਤੇ ਇਕੱਠੇ ਅੱਗੇ ਵਧਣ ਦੀ ਸਿੱਖਿਆ ਵੀ ਦਿੰਦਾ ਹੈ। ਜਦੋਂ 'ਸ਼ੁੱਧਤਾ' ਦੀ ਗੱਲ ਹੋਵੇ, ਤਾਂ ਇਸ ਦਾ ਅਰਥ ਸਫ਼ਾਈ, ਪੌਸ਼ਟਿਕਤਾ ਅਤੇ ਸੁਰੱਖਿਅਤ ਭੋਜਨ ਹੋਣਾ ਚਾਹੀਦਾ ਹੈ, ਨਾ ਕਿ ਅਜਿਹੀਆਂ ਧਾਰਣਾਵਾਂ ਜੋ ਬੱਚਿਆਂ ਵਿਚਕਾਰ ਦੂਰੀ ਪੈਦਾ ਕਰਨ।

ਇੱਕੋ ਥਾਲੀ ਵਿੱਚ ਪਰੋਸਿਆ ਗਿਆ ਭੋਜਨ ਸਿਰਫ਼ ਸਰੀਰ ਨੂੰ ਹੀ ਨਹੀਂ, ਸਗੋਂ ਸਮਾਨਤਾ, ਸਦਭਾਵਨਾ ਅਤੇ ਮਨੁੱਖਤਾ ਦੇ ਮੁੱਲਾਂ ਨੂੰ ਵੀ ਪੋਸ਼ਣ ਦਿੰਦਾ ਹੈ। ਇਹੀ ਮਿਡ-ਡੇ ਮੀਲ ਯੋਜਨਾ ਦੀ ਅਸਲ ਸਫਲਤਾ ਹੈ।







SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.


## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



GURDIP S SANDHU




**Consultant/Physician Since 1973
DHMS-Gold Medalist, BAMS, MDEH
Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

PRACTICE UNDER PROVISION OF ACT SB_577 STATE OF CA






RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

SANJHI SOCH
ਨਵਨੀਤ ਸਿੰਘ
9814509900



# ਮੀਂਹ, ਮਿੱਟੀ ਅਤੇ ਮਿਹਨਤ ਜੁਲਾਈ ਵਿੱਚ ਕਿਸਾਨਾਂ ਦੀ ਕਹਾਣੀ

ਜੁਲਾਈ ਦਾ ਮਹੀਨਾ ਪੰਜਾਬ ਦੇ ਕਿਸਾਨਾਂ ਲਈ ਸਾਲ ਦੇ ਸਭ ਤੋਂ ਰੁੱਝੇ ਹੋਏ ਮਹੀਨਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਮੀਂਹ ਦੀਆਂ ਫੁਹਾਰਾਂ, ਮਿੱਟੀ ਦੀ ਖੁਸ਼ਬੂ ਅਤੇ ਕਿਸਾਨਾਂ ਦੀ ਮਿਹਨਤ ਇਕੱਠੇ ਮਿਲ ਕੇ ਖੇਤਾਂ ਵਿੱਚ ਨਵੀਂ ਜ਼ਿੰਦਗੀ ਭਰ ਦਿੰਦੇ ਹਨ। ਜਿੱਥੇ ਸ਼ਹਿਰਾਂ ਵਿੱਚ ਲੋਕ ਮੀਂਹ ਦਾ ਆਨੰਦ ਲੈਂਦੇ ਹਨ, ਉੱਥੇ ਪਿੰਡਾਂ ਵਿੱਚ ਕਿਸਾਨ ਮੀਂਹ ਦੀ ਹਰ ਬੂੰਦ ਨੂੰ ਆਪਣੀ ਫ਼ਸਲ ਅਤੇ ਭਵਿੱਖ ਨਾਲ ਜੋੜ ਕੇ ਦੇਖਦਾ ਹੈ।

ਜੁਲਾਈ ਮਹੀਨੇ ਵਿੱਚ ਪੰਜਾਬ ਦੇ ਜ਼ਿਆਦਾਤਰ ਖੇਤਾਂ ਵਿੱਚ ਝੋਨੇ ਦੀ ਲੁਆਈ ਆਪਣੇ ਅੰਤਿਮ ਪੜਾਅ ਵਿੱਚ ਹੁੰਦੀ ਹੈ। ਸਵੇਰ ਤੋਂ ਲੈ ਕੇ ਦੇਰ ਸ਼ਾਮ ਤੱਕ ਕਿਸਾਨ ਖੇਤਾਂ ਵਿੱਚ ਮਿਹਨਤ ਕਰਦੇ ਦਿਖਾਈ ਦਿੰਦੇ ਹਨ। ਖੇਤਾਂ ਵਿੱਚ ਪਾਣੀ ਭਰਨਾ, ਪੌਦਿਆਂ ਦੀ ਰੋਪਾਈ ਕਰਨਾ ਅਤੇ ਸਮੇਂ-ਸਮੇਂ ਤੇ ਖੇਤਾਂ ਦੀ ਦੇਖਭਾਲ ਕਰਨਾ ਉਨ੍ਹਾਂ ਦੀ ਰੋਜ਼ਾਨਾ ਜ਼ਿੰਮੇਵਾਰੀ ਬਣ ਜਾਂਦੀ ਹੈ। ਕਈ ਵਾਰ ਮੌਸਮ ਦੀ ਗਰਮੀ ਅਤੇ ਹੁੰਮਸ ਦੇ ਬਾਵਜੂਦ ਕਿਸਾਨ ਆਪਣਾ ਕੰਮ ਪੂਰੀ ਲਗਨ ਨਾਲ ਕਰਦਾ ਹੈ, ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਅੱਜ ਦੀ ਮਿਹਨਤ ਹੀ ਭਵਿੱਖ ਦੀ ਫ਼ਸਲ ਨੂੰ ਤੈਅ ਕਰੇਗੀ।

ਜੁਲਾਈ ਵਿੱਚ ਮੀਂਹ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ। ਸਮੇਂ ਸਿਰ ਹੋਣ ਵਾਲੀ ਬਰਸਾਤ ਫ਼ਸਲਾਂ ਲਈ ਵਰਦਾਨ ਸਾਬਤ ਹੁੰਦੀ ਹੈ, ਪਰ ਜੇਕਰ ਮੀਂਹ ਬਹੁਤ ਜ਼ਿਆਦਾ ਪੈ ਜਾਵੇ ਜਾਂ ਬਿਲਕੁਲ ਨਾ ਪਵੇ ਤਾਂ ਇਹ ਕਿਸਾਨਾਂ ਲਈ ਚਿੰਤਾ ਦਾ ਕਾਰਨ ਬਣ ਜਾਂਦਾ ਹੈ। ਵੱਧ ਮੀਂਹ ਕਾਰਨ ਖੇਤਾਂ ਵਿੱਚ ਪਾਣੀ ਖੜ੍ਹਾ ਹੋ ਜਾਂਦਾ ਹੈ, ਜਿਸ ਨਾਲ ਫ਼ਸਲਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਦੂਜੇ ਪਾਸੇ, ਘੱਟ ਮੀਂਹ ਕਾਰਨ ਸਿੰਚਾਈ ਦਾ ਖਰਚਾ ਵੱਧ ਜਾਂਦਾ ਹੈ ਅਤੇ ਭੂ-ਜਲ ਉੱਤੇ ਨਿਰਭਰਤਾ ਵਧਦੀ ਹੈ। ਇਸ ਲਈ ਕਿਸਾਨ ਦੀ ਨਜ਼ਰ ਹਮੇਸ਼ਾ ਅਸਮਾਨ ਵੱਲ ਰਹਿੰਦੀ ਹੈ ਅਤੇ ਉਹ ਮੌਸਮ ਦੇ ਹਰ ਬਦਲਾਅ ਨੂੰ ਬੜੀ ਗੰਭੀਰਤਾ ਨਾਲ ਵੇਖਦਾ ਹੈ।


ਇਸ ਮਹੀਨੇ ਨਰਮੇ, ਮੱਕੀ ਅਤੇ ਸਬਜ਼ੀਆਂ ਦੀਆਂ ਫ਼ਸਲਾਂ ਦੀ ਸੰਭਾਲ ਵੀ ਬਹੁਤ ਜ਼ਰੂਰੀ ਹੁੰਦੀ ਹੈ। ਨਦੀਨਾਂ ਦੀ ਰੋਕਥਾਮ, ਕੀੜੇ-ਮਕੌੜਿਆਂ ਤੋਂ ਬਚਾਅ ਅਤੇ ਖਾਦਾਂ ਦੀ ਸਹੀ ਵਰਤੋਂ ਵਰਗੇ ਕੰਮ ਕਿਸਾਨਾਂ ਨੂੰ ਲਗਾਤਾਰ ਵਿਅਸਤ ਰੱਖਦੇ ਹਨ। ਜੇਕਰ ਇਸ ਸਮੇਂ ਫ਼ਸਲਾਂ ਦੀ ਸਹੀ ਦੇਖਭਾਲ ਨਾ ਕੀਤੀ ਜਾਵੇ ਤਾਂ ਉਤਪਾਦਨ ਉੱਤੇ ਸਿੱਧਾ ਅਸਰ ਪੈਂਦਾ ਹੈ।

ਜੁਲਾਈ ਦਾ ਮਹੀਨਾ ਸਿਰਫ਼ ਖੇਤਾਂ ਤੱਕ ਹੀ ਸੀਮਿਤ ਨਹੀਂ ਹੁੰਦਾ। ਕਿਸਾਨਾਂ ਨੂੰ ਖਾਦ, ਬੀਜ ਅਤੇ ਹੋਰ ਖੇਤੀ ਸਮੱਗਰੀ ਦੀ ਉਪਲਬਧਤਾ ਯਕੀਨੀ ਬਣਾਉਣੀ ਪੈਂਦੀ ਹੈ। ਬਿਜਲੀ ਦੀ ਅਣਨਿਯਮਿਤ ਸਪਲਾਈ ਅਤੇ ਡੀਜ਼ਲ ਦੇ ਵਧਦੇ ਖਰਚੇ ਵੀ ਉਨ੍ਹਾਂ ਲਈ ਵੱਡੀ ਚੁਣੌਤੀ ਬਣੇ ਰਹਿੰਦੇ ਹਨ। ਇਸ ਦੇ ਬਾਵਜੂਦ ਕਿਸਾਨ ਆਪਣੇ ਹੌਸਲੇ ਅਤੇ ਮਿਹਨਤ ਦੇ ਬਲਬੂਤੇ ਅੱਗੇ ਵਧਦਾ ਰਹਿੰਦਾ ਹੈ।

ਅੱਜ ਦੇ ਸਮੇਂ ਵਿੱਚ ਜਲਵਾਯੂ ਪਰਿਵਰਤਨ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਹੋਰ ਵਧਾ ਦਿੱਤਾ ਹੈ। ਕਦੇ ਬੇਮੌਸਮੀ ਮੀਂਹ ਅਤੇ ਕਦੇ ਲੰਬੇ ਸਮੇਂ ਤੱਕ ਸੁੱਕੇ ਵਰਗੀਆਂ ਸਥਿਤੀਆਂ ਖੇਤੀ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਅਜਿਹੇ ਸਮੇਂ ਵਿੱਚ ਵਿਗਿਆਨਕ ਖੇਤੀ ਤਰੀਕਿਆਂ ਨੂੰ ਅਪਣਾਉਣਾ, ਪਾਣੀ ਦੀ ਬਚਤ ਕਰਨੀ ਅਤੇ ਫ਼ਸਲਾਂ ਦੀ ਵਿਭਿੰਨਤਾ ਵੱਲ ਧਿਆਨ ਦੇਣਾ ਸਮੇਂ ਦੀ ਲੋੜ ਬਣ ਗਿਆ ਹੈ।

ਪੰਜਾਬ ਦੇ ਕਿਸਾਨ ਦੀ ਜ਼ਿੰਦਗੀ ਮਿਹਨਤ, ਸਬਰ ਅਤੇ ਉਮੀਦ ਦਾ ਦੂਜਾ ਨਾਮ ਹੈ। ਜੁਲਾਈ ਦੇ ਮਹੀਨੇ ਵਿੱਚ ਜਦੋਂ ਖੇਤਾਂ ਵਿੱਚ ਪਾਣੀ ਲਹਿਰਾਂ ਮਾਰਦਾ ਹੈ, ਮਿੱਟੀ ਦੀ ਖੁਸ਼ਬੂ ਹਵਾ ਵਿੱਚ ਘੁਲਦੀ ਹੈ ਅਤੇ ਕਿਸਾਨ ਆਪਣੇ ਪਸੀਨੇ ਨਾਲ ਧਰਤੀ ਨੂੰ ਸਿੰਜਦਾ ਹੈ, ਤਦੋਂ ਹੀ ਆਉਣ ਵਾਲੀਆਂ ਰੁੱਤਾਂ ਦੀ ਖੁਸ਼ਹਾਲੀ ਦੀ ਨੀਂਹ ਪੈਂਦੀ ਹੈ। ਅਸਲ ਵਿੱਚ ਜੁਲਾਈ ਦਾ ਮਹੀਨਾ ਮੀਂਹ, ਮਿੱਟੀ ਅਤੇ ਮਿਹਨਤ ਦਾ ਉਹ ਸੁੰਦਰ ਮਿਲਾਪ ਹੈ ਜੋ ਦੇਸ਼ ਦੀ ਅੰਨ ਸੁਰੱਖਿਆ ਅਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਂਦਾ ਹੈ।

ਜਦੋਂ ਅਸੀਂ ਆਪਣੀ ਥਾਲੀ ਵਿੱਚ ਪਿਆ ਅੰਨ ਖਾਂਦੇ ਹਾਂ ਤਾਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਦੇ ਪਿੱਛੇ ਕਿਸੇ ਕਿਸਾਨ ਦੀਆਂ ਬੇਸ਼ੁਮਾਰ ਉਮੀਦਾਂ, ਅਣਗਿਣਤ ਮਿਹਨਤ ਭਰੇ ਪਲ ਅਤੇ ਮੀਂਹ ਨਾਲ ਜੁੜੀਆਂ ਦੁਆਵਾਂ ਲੁਕੀਆਂ ਹੋਈਆਂ ਹਨ। ਜੁਲਾਈ ਵਿੱਚ ਖੇਤਾਂ ਵਿੱਚ ਕੰਮ ਕਰਦਾ ਕਿਸਾਨ ਸਿਰਫ਼ ਆਪਣੀ ਨਹੀਂ, ਸਗੋਂ ਪੂਰੇ ਦੇਸ਼ ਦੀ ਜ਼ਿੰਦਗੀ ਨੂੰ ਸੰਵਾਰਨ ਵਿੱਚ ਯੋਗਦਾਨ ਪਾ ਰਿਹਾ ਹੁੰਦਾ ਹੈ।







SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Suspension & Steering
Diesel Truck Repair
Trailer Repair
Engine Diagnostics
Brake Service
Reliable • Professional • Fast Service
1003 MOFFAT BLVD.• MANTECA, CA 95336
209-239-1551


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
ਰਾਜਿੰਦਰ ਟਾਂਡਾ
Address: 159 Darcy Pkwy Lathrop, CA 95330

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





ਬਰਜਿੰਦਰ ਕੌਰ ਬਿਸਰਾਓ
99889-01324

# ਸਾਉਣ ਮਹੀਨੇ ਦੀ ਮਹੱਤਤਾ

ਸਾਉਣ ਜਾਂ ਸਾਵਣ ਦਾ ਮਹੀਨਾ ਦੇਸੀ ਮਹੀਨਿਆਂ ਵਿੱਚ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੰਜਵਾਂ ਮਹੀਨਾ ਹੈ। ਇਹ ਗ੍ਰੇਗਰੀ ਅਤੇ ਜੁਲੀਅਨ ਕੈਲੰਡਰਾਂ ਦੇ ਅਨੁਸਾਰ ਜੁਲਾਈ ਮਹੀਨੇ ਦੇ ਪਿਛਲੇ ਅੱਧ ਅਤੇ ਅਗਸਤ ਮਹੀਨੇ ਦੇ ਪਹਿਲੇ ਅੱਧ ਵਿੱਚ ਆਉਂਦਾ ਹੈ। ਸਾਵਣ ਮਹੀਨੇ ਦੀ ਹਿੰਦੂ ਅਤੇ ਸਿੱਖ ਧਰਮਾਂ ਵਿੱਚ ਅਧਿਆਤਮਕ ਮਹੱਤਤਾ ਵੀ ਬਹੁਤ ਹੈ। ਗੁਰਬਾਣੀ ਵਿੱਚ ਇਸ ਮਹੀਨੇ ਨਾਲ਼ ਸੰਬੰਧਿਤ ਦੋਵੇਂ ਬਾਰਹਮਾਹਾ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਹੁਤ ਸ਼ਬਦ ਦਰਜ ਹਨ। ਜਿਨ੍ਹਾਂ ਵਿੱਚ ਇੱਕੋ ਗੱਲ ਸਮਝਾਈ ਗਈ ਹੈ ਕਿ ਸਾਵਣ ਮਹੀਨੇ ਦੇ ਮੌਸਮ ਦਾ ਪ੍ਰਭਾਵ ਜ਼ਿੰਦਗੀ ਉੱਤੇ ਜਿਸ ਤਰ੍ਹਾਂ ਪੈਂਦਾ ਹੈ ਉਸੇ ਤਰ੍ਹਾਂ ਹੀ ਮਨੁੱਖੀ ਮਨ ਦੀ ਅਵਸਥਾ ਹੁੰਦੀ ਹੈ। ਜਿਵੇਂ:

"ਰੁਤਿ ਬਰਸੁ ਸੁਹੇਲੀਆ; ਸਾਵਣ ਭਾਦਵੇ ਆਨੰਦ ਜੀਉ ॥ "

ਭਾਵ ਹੇ ਸਹੇਲੀਏ ! ਜਿਵੇਂ ਵਰਖਾ-ਰੁੱਤ ਬੜੀ ਸੁਖਦਾਈ ਹੁੰਦੀ ਹੈ, ਸਾਵਣ ਅਤੇ ਭਾਦਰੋਂ ਦੇ ਮਹੀਨਿਆਂ ਵਿੱਚ ਵਰਖਾ ਦੇ ਕਾਰਨ ਬੜਾ ਅਨੰਦ ਬਣਿਆ ਰਹਿੰਦਾ ਹੈ।

ਗੁਰੂ ਨਾਨਕ ਸਾਹਿਬ ਜੀ ਦੁਆਰਾ ਤੁਖਾਰੀ ਰਾਗ ਵਿੱਚ ਰਚੇ ਬਾਰਹਮਾਹਾ ਦੇ 9ਵੇਂ ਪਦੇ ਸਾਵਣ ਮਹੀਨੇ ’ਚ ਦਿੱਤੇ ਸੁਨੇਹੇ ਅਨੁਸਾਰ :

ਸਾਵਣਿ, ਸਰਸ ਮਨਾ; ਘਣ ਵਰਸਹਿ ਰੁਤਿ ਆਏ ॥

ਭਾਵ ਹਾੜ ਮਹੀਨੇ ਦੀ ਅੱਤ ਦੀ ਤਪਸ਼ ਨਾ਼ਲ ਘਾਹ ਆਦਿਕ ਸੁੱਕ ਜਾਂਦੇ ਹਨ, ਜਿਸ ਪਿੱਛੋਂ ਸਾਉਣ ਮਹੀਨੇ ’ਚ ਕਾਲੀਆਂ ਘਟਾਵਾਂ ਛਾ ਜਾਂਦੀਆਂ ਹਨ। ਪਸ਼ੂ, ਪੰਛੀ, ਮਨੁੱਖ ਤਾਂ ਕਿਤੇ ਰਹੇ, ਸੁੱਕਾ ਹੋਇਆ ਘਾਹ ਭੀ ਹਰਾ ਹੋ ਜਾਂਦਾ ਹੈ। ਇਹ ਹਰਿਆਵਲ ਵੇਖ ਹਰੇਕ ਪ੍ਰਾਣੀ ਬੋਲਦਾ ਹੈ। ਹੇ ਮੇਰੇ ਮਨ ! ਸਾਵਣ ਮਹੀਨੇ ’ਚ ਵਰਖਾ ਦੀ ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ, ਹੁਣ ਤੂੰ ਵੀ ਹਰਾ ਹੋ ਜਾਹ ਤੂੰ ਵੀ ਖਿੜ ਜਾਹ। ਇਸ ਤਰ੍ਹਾਂ ਸਿੱਖ ਧਰਮ ਵਿੱਚ ਸਾਵਣ ਮਹੀਨੇ ਦੀ ਅਧਿਆਤਮਕ ਮਹੱਤਤਾ ਵੀ ਬਹੁਤ ਜ਼ਿਆਦਾ ਹੈ।

ਹਿੰਦੂ ਧਰਮ ਵਿੱਚ ਵੀ ਸਾਉਣ ਮਹੀਨੇ ਦਾ ਖ਼ਾਸ ਮਹੱਤਵ ਮੰਨਿਆ ਗਿਆ ਹੈ। ਇਹ ਮਹੀਨਾ ਭਗਵਾਨ ਸ਼ਿਵ ਅਤੇ ਮਾਤਾ ਪਾਰਵਤੀ ਨੂੰ ਸਮਰਪਿਤ ਹੈ। ਵੈਦਿਕ ਚਿੰਤਨ ਪ੍ਰੰਪਰਾ ’ਚ ਸਾਉਣ ਮਹੀਨੇ ਦਾ ਸਬੰਧ ਵੇਦ ਸ਼ਾਸਤਰਾਂ ਦੇ ਅਧਿਐਨ, ਸੁਣਨ, ਪੜ੍ਹਣ ਅਤੇ ਉਨ੍ਹਾਂ ਦੇ ਚਿੰਤਨ-ਮਨਨ ਨਾਲ ਹੈ। ਸਾਉਣ ਦਾ ਅਰਥ ਹੈ ਸੁਣਨਾ ਭਾਵ ਪ੍ਰਾਚੀਨ ਕਾਲ ’ਚ ਗ੍ਰਹਿਸਥੀ ਲੋਕ ਰਿਸ਼ੀ-ਮੁਨੀਆਂ ਦੇ ਮੁੱਖ ਤੋਂ ਇਸ ਸਾਉਣ ਮਹੀਨੇ ’ਚ ਅਧਿਆਤਮਕਤਾ ਦੇ ਗੂੜ੍ਹੇ ਰਹੱਸਾਂ ਨੂੰ ਸੁਣਿਆ ਕਰਦੇ ਸਨ ਤੇ ਫਿਰ ਆਪ ਵੇਦ ਆਦਿ ਗ੍ਰੰਥਾਂ ਦਾ ਸਵੈ-ਅਧਿਐਨ ਕਰਦੇ ਸਨ।ਜਿਸ ਕਰਕੇ ਸ਼ੁਰੂ ਤੋਂ ਹੀ ਇਸ ਪੂਰੇ ਮਹੀਨੇ ਵਿੱਚ ਲੋਕਾਂ ਵਿੱਚ ਧਾਰਮਿਕ ਭਾਵ ਬਹੁਤ ਪ੍ਰਬਲ ਰਿਹਾ ਹੈ। ਸਨਾਤਨ ਧਰਮ ਵਿੱਚ ਸਾਉਣ ਦਾ ਮਹੀਨਾ ਇਸ ਲਈ ਵਿਸ਼ੇਸ਼ ਮਹੱਤਵ ਵਾਲਾ ਮੰਨਿਆ ਜਾਂਦਾ ਹੈ ਕਿ ਇਸ ਮਹੀਨੇ ਵਿੱਚ ਭਗਵਾਨ ਸ਼ਿਵ ਪੂਰੇ ਬ੍ਰਹਿਮੰਡ ਨੂੰ ਸੰਚਾਰ ਕਰਦੇ ਹਨ। ਅਜਿਹੀ ਸਥਿਤੀ ਵਿੱਚ, ਉਹ ਆਪਣੇ ਸ਼ਰਧਾਲੂਆਂ ਦੀਆਂ ਪ੍ਰਾਰਥਨਾਵਾਂ ਨੂੰ ਆਸਾਨੀ ਨਾਲ ਸੁਣਦੇ ਹਨ। ਸਾਉਣ ਦੌਰਾਨ ਭਗਵਾਨ ਸ਼ਿਵ ਦੀ ਪੂਜਾ-ਅਰਚਨਾ ਕਰਨ ਦੇ ਨਾਲ-ਨਾਲ ਉਹ ਸ਼ਿਵਲਿੰਗ ਦਾ ਜਲਾਭਿਸ਼ੇਕ, ਦੁੱਧ ਅਭਿਸ਼ੇਕ ਕਰਾਕੇ,ਬੇਲ ਪੱਤਰ, ਫ਼ਲ ਅਤੇ ਹੋਰ ਬਹੁਤ ਕੁਝ ਚੜ੍ਹਾ ਕੇ ਬਹੁਤ ਖੁਸ਼ ਹੁੰਦੇ ਹਨ। ਇਸ ਦੇ ਨਾਲ ਹੀ ਸਾਉਣ ਦੌਰਾਨ ਕਾਂਵੜ ਯਾਤਰਾ ਦਾ ਵੀ ਵਿਸ਼ੇਸ਼ ਮਹੱਤਵ ਹੈ। ਸ਼ਿਵ ਦਾ ਅਰਥ ਹੈ ਕਲਿਆਣ ਹੈ,ਇਸ ਲਈ ਸਾਉਣ ਮਹੀਨੇ ’ਚ ਕੀਤੀ ਗਈ ਸਾਧਨਾ, ਸੰਜਮ ਨਾਲ ਮਨੁੱਖ ਆਪਣੀ ਜ਼ਿੰਦਗੀ ’ਚ ਆਤਮਿਕ ਕਲਿਆਣ ਨੂੰ ਪ੍ਰਾਪਤ ਕਰਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਮਹੀਨਾ ਅਧਿਆਤਮਿਕ ਵੈਦਿਕ ਯੱਗ ਦਾ ਪ੍ਰਤੀਕ ਹੈ, ਜੋ ਮਨੁੱਖ ਦੇ ਹਰ ਤਰ੍ਹਾਂ ਦੇ ਕਸ਼ਟਾਂ ਨੂੰ ਦੂਰ ਕਰਦਾ ਹੈ। ਇਸ ਮਹੀਨੇ ਅਧਿਆਤਮਿਕ ਸ਼ਕਤੀਆਂ ਨੂੰ ਸ਼ੁੱਧ ਕਰਕੇ ਸ਼ਿਵਤਵ ਦੇ ਆਲੌਕਿਕ ਮਾਰਗ ’ਤੇ ਵਧਣ ਅਤੇ ਆਪਣੇ ਜ਼ਿੰਦਗੀ ਵਿੱਚ ਸ਼ਿਵਤਵ ਨੂੰ ਗ੍ਰਹਿਣ ਕਰਨ ਦਾ ਪਵਿੱਤਰ ਸਮਾਂ ਮੰਨਿਆ ਜਾਂਦਾ ਹੈ। ਸਾਉਣ ਮਹੀਨੇ ਦੀ ਖੁਸ਼ੀ ਵਿੱਚ ਕਈ ਥਾਵਾਂ ਤੇ ਮੇਲੇ ਵੀ ਲਗਾਏ ਜਾਂਦੇ ਹਨ।

ਪੰਜਾਬੀ ਸੱਭਿਆਚਾਰ ਵਿੱਚ ਸਾਉਣ ਮਹੀਨੇ ਦਾ ਖ਼ਾਸ ਮਹੱਤਵ ਹੈ। ਇਸ ਮਹੀਨੇ ਮਾਪੇ ਜਿੱਥੇ ਆਪਣੀਆਂ ਵਿਆਹੀਆਂ ਧੀਆਂ ਨੂੰ ਸੰਧਾਰੇ ਭੇਜਦੇ ਹਨ, ਉੱਥੇ ਸਹੁਰੇ ਘਰ ਬੈਠੀਆਂ ਸਜ-ਵਿਆਹੀਆਂ ਦੇ ਮਨਾਂ ਅੰਦਰ ਆਪਣੇ ਪੇਕੇ ਘਰ ਜਾ ਕੇ ਆਪਣੀਆਂ ਸਖੀਆਂ ਨੂੰ ਮਿਲਣ ਦੀ ਤਾਂਘ ਹੁੰਦੀ ਹੈ। ਸਾਡੇ ਪੰਜਾਬੀ ਸੱਜਭਿਆਚਾਰ ਉੱਤੇ ਪੈ ਰਹੇ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਨੇ ਪਿੰਡਾਂ ‘ਚੋਂ ਤੀਆਂ ਦੇ ਪਿੜ ਅਲੋਪ ਕਰ ਦਿੱਤੇ ਹਨ। ਅੱਜ ਤੋਂ ਤਿੰਨ-ਚਾਰ ਦਹਾਕੇ ਪਹਿਲਾਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਾਉਣ ਮਹੀਨੇ ਕੁੜੀਆਂ ਪਿੰਡ ਤੋਂ ਬਾਹਰ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਗਿੱਧਾ ਪਾਉਂਦੀਆਂ ਹੋਈਆਂ ਇੱਕ-ਦੂਜੀ ਨਾਲ ਦੁੱਖ ਸਾਂਝੇ ਕਰਦੀਆਂ ਸਨ। ਪਹਿਲਾਂ ਔਰਤਾਂ ਨੂੰ ਸਾਉਣ ਮਹੀਨੇ ਦੀ ਉਡੀਕ ਰਹਿੰਦੀ ਸੀ ਪਰ ਹੁਣ "ਸਾਉਣ ਮਹੀਨਾ ਦਿਨ ਤੀਆਂ ਦੇ ਪਿੱਪਲੀਂ ਪੀਂਘਾਂ ਪਾਈਆਂ" ਵਰਗੀਆਂ ਲੋਕ ਬੋਲੀਆਂ ਸਿਰਫ਼ ਬੋਲੀਆਂ ਹੀ ਬਣ ਕੇ ਰਹਿ ਗਈਆਂ ਹਨ ,ਜੋ ਸੱਥਾਂ ਵਿੱਚ ਨਹੀਂ ਬਲਕਿ ਸਟੇਜਾਂ ਜਾਂ ਕਲੱਬਾਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ। ਲੋਕਾਂ ਵਿੱਚੋਂ ਪਿਆਰ ਦੀ ਖਿੱਚ ਘਟਣ ਕਰ ਕੇ ਤੀਆਂ ਦਾ ਰੰਗ ਵੀ ਫਿੱਕਾ ਪੈ ਗਿਆ ਹੈ। ਪੰਜਾਬ ਦੇ ਰੰਗ-ਬਿਰੰਗੇ, ਨੱਚਣ-ਗਾਉਣ ਵਾਲੇ ਤਿਉਹਾਰਾਂ ਪਿੱਛੇ ਕੋਈ ਇੱਕ ਕਾਰਨ ਨਹੀਂ ਹੈ, ਇਨ੍ਹਾਂ ਪਿੱਛੇ ਬਹੁਤ ਅਜਿਹੇ ਕਾਰਨ ਹਨ, ਜੋ ਪੁਰਾਣੇ ਹੱਸਦੇ-ਵੱਸਦੇ ਪੰਜਾਬ ਦੇ ਖੁੱਲ੍ਹ-ਦਿਲੇ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਖ਼ਤਮ ਕਰ ਰਹੇ ਹਨ। ਸਾਉਣ ਮਹੀਨਾ ਅਤੇ ਇਸ ਵਿੱਚ ਮਨਾਏ ਜਾਣ ਵਾਲੇ ਤਿਉਹਾਰਾਂ ਦੇ ਰੰਗ ਬਹੁਤ ਖੂਬਸੂਰਤ ਹਨ।

ਵੈਸੇ ਵੀ ਸਾਉਣ ਦਾ ਮਹੀਨਾ ਉੱਤਰੀ ਭਾਰਤ ਦੇ ਲੋਕਾਂ ਲਈ ਬਹੁਤ ਮਹੱਤਵ ਰੱਖਦਾ ਹੈ। ਜੇਠ, ਹਾੜ ਦੀ ਅੰਤਾਂ ਦੀ ਗਰਮੀ ਤੋਂ ਬਾਅਦ ਸਾਉਣ ਦੇ ਮੀਂਹ ਜਿੱਥੇ ਲੂਸੀ ਹੋਈ ਧਰਤੀ ਤੇ ਪ੍ਰਕਿਰਤੀ ਉੱਤੇ ਠੰਡ ਪਾਉਂਦੇ ਹਨ ਉੱਥੇ ਲੋਕਾਂ ਨੂੰ ਵੀ ਗਰਮੀ ਤੋਂ ਰਾਹਤ ਮਿਲਦੀ ਹੈ। ਗਰਮੀ ਨਾਲ ਬਨਸਪਤੀ, ਫ਼ਸਲਾਂ ਆਦਿ ਦਾ ਬੁਰਾ ਹਾਲ ਹੋਇਆ ਹੁੰਦਾ ਹੈ। ਸਾਉਣ ਦੇ ਮੀਹਾਂ ਨਾ਼ਲ ਫ਼ਸਲਾਂ, ਫੁੱਲ, ਬੂਟੇ ਤੇ ਦਰੱਖਤ ਲਹਿਲਹਾਉਣ ਲੱਗਦੇ ਹਨ ਤੇ ਸਾਰੇ ਪਾਸੇ ਹਰਿਆਲੀ ਹੀ ਹਰਿਆਲੀ ਨਜ਼ਰ ਆਉਣ ਲੱਗਦੀ ਹੈ ਜਿਸਨੂੰ ਵੇਖ ਕੇ ਇੰਝ ਲੱਗਦਾ ਹੈ ਜਿਵੇਂ ਕੁਦਰਤ ਵਿੱਚ ਖੇੜਾ ਆ ਗਿਆ ਹੋਵੇ ਤੇ ਉਸ ਵਿੱਚ ਵੀ ਜੀਵਨ ਧੜਕ ਰਿਹਾ ਹੋਵੇ।

Now Open New Banquet Hall in Sacramento
For more info: Contact Paul : (916)334-6000



WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

**(510) 797-9010**

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA


ਡਰਾਈਵਰ ਦੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!
ਇਨਵੌਇਸ ਬਣਾਓ ਆਸਾਨ,
ਤੇ ਚਲੋ ਬੱਸ ਮਸਤਾਨ!
ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ Traki ਨਾਲ.
INVOICE
$
ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.
ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.
ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.
ਅੱਜ ਹੀ ਸ਼ੁਰੂ ਕਰੋ!
3 ਦਿਨ ਦਾ ਮੁਫ਼ਤ TRIAL ਮਿਲੇਗਾ!
ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!
QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!
ਟਾਈਮ ਬਚਾਓ
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.
ਗਲਤੀ ਘੱਟ
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.
ਆਫਲਾਈਨ ਕੰਮ
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.
ਸਭ ਕੁਝ ਇੱਕ ਜਗ੍ਹਾ
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.
ਹੋਰ ਜਾਣਕਾਰੀ ਲਈ ਵੇਖੋ
TRAKIAPP.COM
TRAKI
ਡਰਾਈਵਰ ਦਾ ਅਸਲੀ ਯਾਰ.


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਮੇਰੇ ਜਜ਼ਬਾਤ

ਜਦੋਂ ਦਰਦ ਹੱਦਾਂ ਲੰਘ ਜਾਂਦਾ,
ਤੇ ਦਿਲ ਵਿੱਚ ਤੂਫ਼ਾਨ ਉੱਠ ਪੈਂਦਾ,
ਤਾਂ ਸ਼ਬਦਾਂ ਦੀ ਕਿਸ਼ਤੀ ਬਣਾ ਕੇ ਅਸੀਂ,
ਹਰ ਅਹਿਸਾਸ ਨੂੰ ਕਿਨਾਰਾ ਦੇ ਦਿੰਦੇ ਹਾਂ।
ਹੌਕਿਆਂ ਨੂੰ ਲਫ਼ਜ਼ਾਂ ਵਿੱਚ ਬਦਲ ਕੇ,
ਗ਼ਮ ਨੂੰ ਨਵੀਂ ਰਾਹ ਵਿਖਾ ਦਿੰਦੇ ਹਾਂ,
ਜੋ ਅੱਖਾਂ ਕਹਿਣ ਤੋਂ ਡਰਦੀਆਂ ਸਨ,
ਉਹ ਕਾਗਜ਼ ਉੱਤੇ ਚੀਖ ਪਾ ਦਿੰਦੀਆਂ ਹਨ।
ਜਦੋਂ ਦਿਲ ਦੇ ਗੁਬਾਰ ਸੰਭਲ ਨਾ ਸਕਣ,
ਤੇ ਸਾਹ ਵੀ ਭਾਰੇ ਲੱਗਣ ਲੱਗ ਪੈਣ,
ਤਾਂ ਚੁੱਪਚਾਪ ਕਲਮ ਚੁੱਕ ਕੇ ਅਸੀਂ,
ਆਪਣੇ ਜਜ਼ਬਾਤ ਕਵਿਤਾ ਵਿੱਚ ਢਾਲ ਦਿੰਦੇ ਹਾਂ।
ਹਰ ਅੱਖਰ ਇੱਕ ਦਰਦ ਬਿਆਨ ਕਰਦਾ,
ਹਰ ਪੰਕਤੀ ਵਿੱਚ ਤੜਪ ਲੁਕੀ ਹੁੰਦੀ ਹੈ,
ਪਰ ਜਦੋਂ ਕੋਈ ਇਸ ਨੂੰ ਪੜ੍ਹਦਾ ਹੈ,
ਉਸ ਦੇ ਮਨ ਵਿੱਚ ਵੀ ਇੱਕ ਸਿਹਰਨ ਜਗ ਪੈਂਦੀ ਹੈ।
ਇਹ ਲਫ਼ਜ਼ ਨਹੀਂ,
ਇਹ ਧੜਕਣਾਂ ਹਨ,
ਜੋ ਕਾਗਜ਼ ਉੱਤੇ ਸਾਹ ਲੈਂਦੀਆਂ ਹਨ,
ਜਦੋਂ ਮਨ ਬਹੁਤ ਭਾਰਾ ਹੋ ਜਾਂਦਾ ਹੈ,
ਤਾਂ ਕਵਿਤਾ ਹੀ ਇੱਕ ਨਵਾਂ ਸਵੇਰਾ ਲਿਆਉਂਦੀ ਹੈ।

ਲਕਸ਼ਮੀ ਕਨੋਡੀਆ ਅਨਿਕਾ
ਅਨੁਪਮ ਐਨਕਲੇਵ, ਖੁਰਜਾ
(ਬੁਲੰਦਸ਼ਹਿਰ) ਉੱਤਰ ਪ੍ਰਦੇਸ਼
9258441297



ਗੁਨਬੀਰ ਸਿੰਘ

# ਉਂਗਲਾਂ ਦੀ ਛੋਹ ਵਾਲਾ ਵਰਤਮਾਨ, ਟੈਲੀਪੈਥੀ ਵਾਲਾ ਭਵਿੱਖ

ਅੱਜ ਤਕਨਾਲੋਜੀ ਸਾਡੀਆਂ ਉਂਗਲਾਂ ਦੀ ਛੋਹ ’ਤੇ ਹੈ। ਇਸ ਦੀ ਮਦਦ ਨਾਲ ਅਸੀਂ ਸੰਚਾਰ ਕਰਦੇ ਹਾਂ, ਲੈਣ-ਦੇਣ ਕਰਦੇ ਹਾਂ, ਲਿਖਦੇ ਹਾਂ ਅਤੇ ਆਪਣੇ ਕੰਮ ਪਹਿਲਾਂ ਨਾਲੋਂ ਵੱਧ ਤੇਜ਼ੀ ਅਤੇ ਕੁਸ਼ਲਤਾ ਨਾਲ ਪੂਰੇ ਕਰਦੇ ਹਾਂ। ਜਿਸ ਰਫ਼ਤਾਰ ਨਾਲ ਅਸੀਂ ਆਪਣੀ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰ ਰਹੇ ਹਾਂ, ਉਸ ਨੂੰ ਵੇਖਦਿਆਂ ਇਹ ਯਕੀਨੀ ਜਾਪਦਾ ਹੈ ਕਿ ਅੱਜ ਦੀ “ਉਂਗਲਾਂ ਦੀ ਤਾਕਤ” ਜਲਦੀ ਹੀ “ਵਿਚਾਰਾਂ ਦੀ ਤਾਕਤ” ਵਿੱਚ ਬਦਲ ਜਾਵੇਗੀ। ਆਉਣ ਵਾਲੇ ਸਮੇਂ ਵਿੱਚ ਕਿਸੇ ਕੰਮ ਲਈ ਉਂਗਲਾਂ ਦੀ ਲੋੜ ਨਹੀਂ ਰਹੇਗੀ। ਸਿਰਫ਼ ਇੱਕ ਵਿਚਾਰ ਹੀ ਕਾਫ਼ੀ ਹੋਵੇਗਾ, ਜਿਸ ਨੂੰ ਕ੍ਰਿਤ੍ਰਿਮ ਬੁੱਧੀ (ਅੀ), ਕੋਈ ਰੋਬੋਟ ਜਾਂ ਹੋਰ ਉੱਨਤ ਕਲਾਊਡ ਕੰਪਿਊਟਿੰਗ ਪ੍ਰਣਾਲੀ ਅਮਲ ਵਿੱਚ ਲਿਆਵੇਗੀ। ਜ਼ਰਾ ਕਲਪਨਾ ਕਰੋ ਤੁਹਾਡੇ ਮਨ ਵਿੱਚ ਕੋਈ ਵਿਚਾਰ ਆਵੇ ਅਤੇ ਕ੍ਰਿਤ੍ਰਿਮ ਬੁੱਧੀ ਤੁਹਾਡੇ ਵਿਚਾਰਾਂ, ਸੁਭਾਅ ਅਤੇ ਪਸੰਦਾਂ ਨੂੰ ਸਮਝ ਕੇ ਉਸ ਇਰਾਦੇ ਨੂੰ ਆਪਣੇ ਆਪ ਪੂਰਾ ਕਰ ਦੇਵੇ। ਮਰਹੂਮ ਅਦਾਕਾਰ ਰੌਬਿਨ ਵਿਲੀਅਮਜ਼ ਨੇ ਇੱਕ ਵਾਰ ਕਿਹਾ ਸੀ, “ਵਿਚਾਰ ਅਸਲ ਹੈ ਅਤੇ ਭੌਤਿਕ ਜਗਤ ਇੱਕ ਭਰਮ ਹੈ।” ਇਹ ਵੀ ਮੰਨਿਆ ਜਾਂਦਾ ਹੈ ਕਿ ਵਿਚਾਰਾਂ ਵਿੱਚ ਆਪਣੀ ਹਕੀਕਤ ਰਚਣ ਦੀ ਸਮਰੱਥਾ ਹੁੰਦੀ ਹੈ। ਅਸੀਂ ਉਸ ਸੰਸਾਰ ਵੱਲ ਵਧ ਰਹੇ ਹਾਂ ਜਿੱਥੇ ਵਿਚਾਰ ਹੀ ਹਕੀਕਤ ਨੂੰ ਜਨਮ ਦੇਣਗੇ। ਬੋਲਣਾ, ਉਂਗਲ ਹਿਲਾਉਣਾ ਜਾਂ ਅੱਖ ਝਪਕਾਉਣਾ ਵੀ ਸ਼ਾਇਦ ਬੇਲੋੜਾ ਹੋ ਜਾਵੇ।

ਮੈਨੂੰ ਅਕਸਰ ਪੁਰਾਣੀਆਂ ਵਿਗਿਆਨਕ ਕਲਪਨਾ ਫ਼ਿਲਮਾਂ ਯਾਦ ਆਉਂਦੀਆਂ ਹਨ, ਜਿਨ੍ਹਾਂ ਵਿੱਚ ਅੰਤਰਿਕਸ਼ ਯਾਤਰਾਵਾਂ, ਉੱਡਣ ਵਾਲੀਆਂ ਕਾਰਾਂ ਅਤੇ ਅਸਮਾਨ ਵਿੱਚ ਨਿਗਰਾਨੀ ਕਰਦੀਆਂ ਅੱਖਾਂ ਵਰਗੀਆਂ ਅਕਲਪਨੀਯ ਚੀਜ਼ਾਂ ਦਿਖਾਈਆਂ ਜਾਂਦੀਆਂ ਸਨ। ਅੱਜ ਉਨ੍ਹਾਂ ਵਿੱਚੋਂ ਬਹੁਤ ਕੁਝ ਹਕੀਕਤ ਬਣ ਚੁੱਕਾ ਹੈ। ਸ਼ਾਇਦ ਅਗਲਾ ਪੜਾਅ ਉਹ ਹੋਵੇ ਜਦੋਂ ਅਸੀਂ ਸਿਰਫ਼ ਸੋਚਾਂਗੇ ਅਤੇ ਕੰਮ ਤੁਰੰਤ ਹੋ ਜਾਵੇਗਾ। ਵਿਚਾਰ ਅਤੇ ਕਾਰਵਾਈ ਵਿਚਕਾਰ ਕੋਈ ਸਮੇਂ ਦਾ ਅੰਤਰ ਨਹੀਂ ਰਹੇਗਾ। ਬਦਲਾਅ ਦੀ ਰਫ਼ਤਾਰ ਇੰਨੀ ਤੇਜ਼ ਹੋਵੇਗੀ ਕਿ ਭਵਿੱਖ ਅਤੇ ਵਰਤਮਾਨ ਵਿਚਕਾਰ ਦਾ ਫ਼ਰਕ ਮਿਟ ਜਾਵੇਗਾ। ਸਾਡੇ ਰੋਜ਼ਾਨਾ ਦੇ ਬਹੁਤ ਸਾਰੇ ਕੰਮ ਆਪਣੇ ਆਪ ਹੀ ਹੋ ਜਾਣਗੇ। ਜੇ ਅਸੀਂ ਜੈਨੇਟਿਕ ਤਬਦੀਲੀਆਂ ਦੇ ਇਸ ਯੁੱਗ ਵਿੱਚ ਆਪਣੇ ਦਿਮਾਗ ਦੀਆਂ ਸਮਰੱਥਾਵਾਂ ਨੂੰ ਹੋਰ ਵਧਾ ਸਕੀਏ (ਜਿਵੇਂ ਆਮ ਧਾਰਨਾ ਹੈ ਕਿ ਅਸੀਂ ਆਪਣੇ ਦਿਮਾਗ ਦਾ ਕੇਵਲ 10% ਹੀ ਵਰਤਦੇ ਹਾਂ) ਤਾਂ ਅਸੀਂ ਹੋਰ ਵੱਧ ਸੋਚ ਸਕਾਂਗੇ, ਹੋਰ ਵੱਧ ਕਲਪਨਾ ਕਰ ਸਕਾਂਗੇ ਅਤੇ ਹੋਰ ਵੱਧ ਪ੍ਰਾਪਤ ਕਰ ਸਕਾਂਗੇ। ਸਾਡੀ ਸੋਚ ਹੋਰ ਤੇਜ਼, ਹੋਰ ਸਟੀਕ ਅਤੇ ਅਸੰਭਵ ਜਾਪਣ ਵਾਲੀਆਂ ਗੱਲਾਂ ਨੂੰ ਵੀ ਸੰਭਵ ਬਣਾਉਣ ਯੋਗ ਹੋਵੇਗੀ। ਇਹ ਵਿਗਿਆਨਕ ਤਰੱਕੀ ਦਾ ਅਗਲਾ ਪੜਾਅ ਹੋ ਸਕਦਾ ਹੈ, ਜਿੱਥੇ ਮਨੁੱਖੀ ਸਮਰੱਥਾ ਨੂੰ ਉੱਚ ਪੱਧਰੀ ਤਕਨਾਲੋਜੀ ਹੋਰ ਵਿਸਤਾਰ ਦੇਵੇਗੀ। ਉਹ ਭਵਿੱਖ ਹੁਣ ਬਹੁਤ ਦੂਰ ਨਹੀਂ। ਫਿਰ ਮਨੁੱਖੀ ਸੰਚਾਰ ਦਾ ਰੂਪ ਕੀ ਹੋਵੇਗਾ? ਕੀ ਅਸੀਂ ਬਿਨਾਂ ਜੀਭ ਹਿਲਾਏ, ਸਿਰਫ਼ ਵਿਚਾਰਾਂ ਰਾਹੀਂ ਇੱਕ-ਦੂਜੇ ਨਾਲ ਗੱਲ ਕਰਾਂਗੇ? ਕੀ ਅਸੀਂ ਦਿਮਾਗੀ ਤਰੰਗਾਂ ਨੂੰ ਪੜ੍ਹਨ ਵਾਲੇ ਉਪਕਰਣਾਂ ਜਾਂ ਸਰੀਰ ਵਿੱਚ ਲਗੇ ਚਿਪਾਂ ਰਾਹੀਂ ਇੱਕੋ ਵੇਲੇ ਕਈ ਕੰਮ ਕਰਾਂਗੇ? ਕੀ ਅਸੀਂ ਬਿਨਾਂ ਹੱਥ-ਪੈਰ ਹਿਲਾਏ, ਸਿਰਫ਼ ਸੋਚ ਕੇ ਹੀ ਸਾਰੇ ਕੰਮ ਕਰ ਲਵਾਂਗੇ? ਇਹ ਅੱਜ ਸਵਾਲ ਹਨ, ਪਰ ਜਦੋਂ ਇਹ ਹਕੀਕਤ ਬਣਣਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਹੈਰਾਨ ਕਰ ਦੇਣਗੇ।

ਦਿਮਾਗੀ ਨਕਸ਼ੇ ਬਣਾਉਣ ਅਤੇ ਮਨ ਦੀ ਖੋਜ ਦਾ ਦੌਰ ਹੁਣ ਅੰਤ ਵੱਲ ਹੈ। ਸਾਡੀਆਂ ਸਮਰੱਥਾਵਾਂ ਨੂੰ ਅਜਿਹੀ ਤਕਨਾਲੋਜੀ ਦਾ ਸਹਾਰਾ ਮਿਲੇਗਾ ਜੋ ਸਾਨੂੰ ਸਿੱਖਣ, ਭੁੱਲਣ ਅਤੇ ਮੁੜ ਸਿੱਖਣ ਵਿੱਚ ਮਨੁੱਖੀ ਦਿਮਾਗ ਨਾਲੋਂ ਵੀ ਵੱਧ ਤੇਜ਼ੀ ਪ੍ਰਦਾਨ ਕਰੇਗੀ। ਇਸ ਨਵੇਂ ਯੁੱਗ ਨਾਲ ਕਦਮ ਮਿਲਾਉਣ ਲਈ ਮਨੁੱਖੀ ਕਲਪਨਾ ਨੂੰ ਵੀ ਆਪਣੇ ਆਪ ਨੂੰ ਹੋਰ ਵਿਸਤਾਰ ਦੇਣਾ ਪਵੇਗਾ। ਇਸ ਲਈ, ਨੌਜਵਾਨੋ, ਚਿੰਤਕੋ ਅਤੇ ਭਵਿੱਖ ਦੇ ਆਗੂਓ ਆਪਣੇ ਸਭ ਤੋਂ ਵੱਡੇ ਅਤੇ ਨਵੀਨਤਮ ਸੁਪਨੇ ਦੇਖੋ। ਉਨ੍ਹਾਂ ਨੂੰ ਸੀਮਾਵਾਂ ਵਿੱਚ ਨਾ ਬੰਨ੍ਹੋ। ਉਹ ਇੱਕ ਦਿਨ ਜ਼ਰੂਰ ਸਾਕਾਰ ਹੋਣਗੇ। ਸਮਾਂ ਹੀ ਦੱਸੇਗਾ ਕਿ ਇਹ ਸਭ ਕੁਝ ਕਿੰਨੀ ਜਲਦੀ ਹਕੀਕਤ ਬਣਦਾ ਹੈ।

LARRY T. NIERMEYER
Attorney at Law

OFFERING SERVICES IN THE FOLLOWING AREAS


1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation
PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ

**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ **eBaba** ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also **eBaba** Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5
With Installation
Singh: 510-766-9382



11R22.5
With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

SANJHI SOCH TV & DAILY NEWSPAPER



TO EXPAND YOUR BUSINESS IN INDIAN COMMUNITY

Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com Sanjhi Soch TV NRI

ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260